# ਕਨੇਡਾ ਦਾ ਅਮਰ ਸ਼ਹੀਦ
# ਭਾਈ ਮੇਵਾ ਸਿੰਘ ਲੋਪੋਕੇ

(ਸੋਹਣ ਸਿੰਘ ਪੂੰਨੀ)

ਇਸ ਹਥਲੇ ਪੇਪਰ ਵਿਚ 'ਕਨੇਡਾ ਦੇ ਅਮਰ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ' ਬਾਰੇ ਗਲ-ਬਾਤ ਕੀਤੀ ਗਈ ਹੈ। ਭਾਈ ਮੇਵਾ ਸਿੰਘ ਨੇ ਵੈਨਕੂਵਰ ਵਿਚ ਕਨੇਡੀਅਨ ਇਮੀਗ੍ਰੇਸ਼ਨ ਡੀਪਾਰਟਮੈਂਟ ਨਾਲ਼ ਕੰਮ ਕਰਦੇ ਗੋਰੇ ਅਫਸਰ ਵਿਲੀਅਮ ਹਾਪਕਿਨਸਨ ਨੂੰ ਗੋਲ਼ੀ ਮਾਰ ਕੇ ਮਾਰ ਦਿੱਤਾ ਸੀ। ਕਨੇਡੀਅਨ ਸਰਕਾਰ ਨੇ ਭਾਈ ਮੇਵਾ ਸਿੰਘ 'ਤੇ ਮੁਕੱਦਮਾ ਚਲਾ ਕੇ ਉਨ੍ਹਾਂ ਨੂੰ ਫਾਂਸੀ ਚਾੜ੍ਹ ਦਿੱਤਾ ਸੀ। ਇਹ ਵਿਲੀਅਮ ਹਾਪਕਿਨਸਨ ਕੌਣ ਸੀ? ਭਾਈ ਮੇਵਾ ਸਿੰਘ ਕੌਣ ਸੀ? ਭਾਈ ਮੇਵਾ ਸਿੰਘ ਦੀ ਹਾਪਕਿਨਸਨ ਨਾਲ਼ ਕੀ ਦੁਸ਼ਮਣੀ ਸੀ? ਭਾਈ ਮੇਵਾ ਸਿੰਘ ਨੇ ਉਸ ਨੂੰ ਗੋਲ਼ੀ ਕਿਉਂ ਮਾਰੀ ਸੀ? ਬਹੁਤ ਸਾਰੇ ਲੇਖਕਾਂ ਨੇ ਭਾਈ ਮੇਵਾ ਸਿੰਘ ਨੂੰ ਕਾਤਲ ਬਣਾ ਕੇ ਪੇਸ਼ ਕੀਤਾ ਹੈ। ਕਿਸੇ ਬੰਦੇ ਨੂੰ ਗੋਲ਼ੀ ਮਾਰ ਕੇ ਮਾਰ ਦੇਣਾ ਹੈ ਵੀ ਮਾੜੀ ਗਲ। ਪਰ ਕਨੇਡਾ ਦੀ ਭਾਰਤੀ ਕਮਿਊਨਿਟੀ ਸ਼ੁਰੂ ਤੋਂ ਹੀ ਭਾਈ ਮੇਵਾ ਸਿੰਘ ਨੂੰ ਸ਼ਹੀਦ ਮੰਨਦੀ ਆਈ ਹੈ ਤੇ ਹਰ ਸਾਲ ਉਨ੍ਹਾਂ ਦਾ ਸ਼ਹੀਦੀ ਦਿਵਸ ਮਨਾਉਂਦੀ ਆਈ ਹੈ। ਕੀ ਭਾਈ ਮੇਵਾ ਸਿੰਘ ਕਾਤਲ ਸੀ ਜਾਂ ਸ਼ਹੀਦ? ਇਸ ਪੇਪਰ ਵਿਚ ਇਨ੍ਹਾਂ ਸਭ ਸਵਾਲਾਂ ਬਾਰੇ ਸੰਖੇਪ ਗਲ-ਬਾਤ ਕੀਤੀ ਗਈ ਹੈ।

ਭਾਈ ਮੇਵਾ ਸਿੰਘ ਦਾ ਜਨਮ 1880 ਈ: ਨੂੰ ਜ਼ਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਦੇ ਪਿੰਡ ਲੋਪੋਕੇ ਵਿਚ ਹੋਇਆ ਸੀ। ਲੋਪੋਕੇ ਅੰਮ੍ਰਿਤਸਰੋਂ ਚੌਦਾਂ-ਪੰਦਰਾਂ ਮੀਲ ਉੱਤਰ-ਪੱਛਮ ਵਿਚ ਪੈਂਦਾ ਹੈ। ਭਾਈ ਮੇਵਾ ਸਿੰਘ ਦੇ ਪਿਤਾ ਦਾ ਨਾਮ ਨੰਦ ਸਿੰਘ ਔਲਖ ਸੀ। ਭਾਈ ਮੇਵਾ ਸਿੰਘ ਦਾ ਇਕ ਭਰਾ ਵੀ ਸੀ ਜਿਸਦਾ ਨਾਮ ਦੇਵਾ ਸਿੰਘ ਸੀ। ਦੂਸਰੇ ਹਿੰਦੁਸਤਾਨੀ ਆਵਾਸੀਆਂ ਵਾਂਗ ਭਾਈ ਮੇਵਾ ਸਿੰਘ ਵੀ ਚੰਗੀ ਰੋਜ਼ੀ-ਰੋਟੀ ਦੀ ਭਾਲ਼ ਵਿਚ 1906 'ਚ ਕਨੇਡਾ ਆਏ ਸਨ। ਇੱਥੇ ਉਹ ਵੈਨਕੂਵਰ ਨੇੜੇ ਨਿਊ ਵੈਸਟਮਿਨਸਟਰ ਦੀ ਫਰੇਜ਼ਰ ਮਿੱਲ ਵਿਚ ਗਰੀਨ ਚੇਨ 'ਤੇ ਕੰਮ ਕਰਦੇ ਸਨ।

ਵੈਨਕੂਵਰ ਰਹਿੰਦਿਆਂ ਭਾਈ ਮੇਵਾ ਸਿੰਘ ਦੀ ਭਾਈ ਭਾਗ ਸਿੰਘ ਭਿੱਖੀਵਿੰਡ ਤੇ ਭਾਈ ਬਲਵੰਤ ਸਿੰਘ ਖੁਰਦਪੁਰ ਵਰਗੇ ਸਿੱਖ-ਕਮਿਊਨਿਟੀ ਦੇ ਲੀਡਰਾਂ ਨਾਲ਼ ਨੇੜਤਾ ਹੋ ਗਈ। ਉਨ੍ਹਾਂ ਨਾਲ਼ ਰਲ਼ਕੇ ਆਪ ਨੇ ਵੈਨਕੂਵਰ ਵਿੱਚ ਉੱਤਰੀ ਅਮਰੀਕਾ ਦਾ ਸਭ ਤੋਂ ਪਹਿਲਾ ਗੁਰਦੁਆਰਾ ਬਣਾਉਣ ਲਈ ਹਿੰਦੁਸਤਾਨੀਆਂ ਦੇ ਡੇਰਿਆਂ ਤੇ ਜਾ ਕੇ ਫੰਡ ਇਕੱਠਾ ਕੀਤਾ। 19 ਜਨਵਰੀ 1908 ਨੂੰ ਖੁੱਲ੍ਹੇ ਵੈਨਕੂਵਰ ਦੇ ਇਸ ਗੁਰਦੁਆਰੇ ਵਿਚ ਭਾਈ ਮੇਵਾ ਸਿੰਘ ਨੇ 28 ਜੂਨ, 1908 ਨੂੰ ਅੰਮ੍ਰਿਤ ਛਕਿਆ। ਆਪ ਧਾਰਮਿਕ ਰੁਚੀਆਂ ਤੇ ਸਾਧੂ ਸੁਭਾ ਵਾਲ਼ੇ ਇਨਸਾਨ ਸਨ। ਕੰਮ ਤੋਂ ਬਾਅਦ ਆਪ ਆਪਣਾ ਬਹੁਤਾ ਵਕਤ ਭਜਨ ਬੰਦਗੀ ਤੇ ਗੁਰਦੁਆਰੇ ਆਏ ਗਏ ਦੀ ਸੇਵਾ ਕਰਨ ਵਿੱਚ ਗੁਜ਼ਾਰਦੇ ਸਨ। ਭਾਈ ਮੇਵਾ ਸਿੰਘ ਵਿਆਹੇ ਨਹੀਂ ਸੀ ਹੋਏ।

1908 ਤੱਕ ਕਨੇਡਾ ਵਿਚ 5200 ਦੇ ਲਗ-ਪਗ ਹਿੰਦੁਸਤਾਨੀ ਦਾਖਲ ਹੋ ਚੁੱਕੇ ਸਨ। ਇਨ੍ਹਾਂ ਵਿਚ ਬਹੁਤ ਵੱਡੀ ਗਿਣਤੀ, 90% ਦੇ ਨੇੜੇ, ਪੰਜਾਬ ਦੇ ਸਿੱਖਾਂ ਦੀ ਸੀ। ਇਨ੍ਹਾਂ ਸਿੱਖਾਂ ਵਿਚ ਕਾਫੀ ਗਿਣਤੀ ਉਨ੍ਹਾਂ ਦੀ ਸੀ ਜੋ ਬ੍ਰਿਟਿਸ਼ ਇੰਡੀਅਨ ਆਰਮੀ ਦੀਆਂ ਨੌਕਰੀਆਂ ਕਰਦੇ ਆਏ ਸਨ। ਅੰਗਰੇਜ਼ਾਂ ਲਈ

ਕੀਤੀਆਂ ਫੌਜੀ ਖਿਦਮਤਾਂ ਤੇ ਸਾਮਰਾਜੀ ਜੰਗਾਂ ਵਿਚ ਮਾਰੀਆਂ ਤੇਗਾਂ ‘ਤੇ ਇਨ੍ਹਾਂ ਸਿੱਖਾਂ ਨੂੰ ਬੜਾ ਮਾਣ ਸੀ। ਉਹ ਆਪਣੇ ਆਪ ਨੂੰ ਬ੍ਰਤਾਨਵੀ ਸਾਮਰਾਜ ਦੇ ਲਾਡਲੇ ਪੁੱਤਰ ਸਮਝਦੇ ਸਨ। ਕਨੇਡਾ ਕਿਉਂਕਿ ਬ੍ਰਤਾਨਵੀ ਸਾਮਰਾਜ ਦੀ ਹੀ ਇਕ ਬਸਤੀ ਸੀ ਇਸ ਲਈ ਇਹ ਸਿੱਖ ਆਪਣੇ ਬਾਦਸ਼ਾਹ ਦੀ ਧਰਤੀ ‘ਤੇ ਆ ਸਕਣ, ਇੱਥੇ ਰਹਿ ਸਕਣ ਤੇ ਇੱਥੇ ਕੰਮ ਕਰ ਸਕਣ ਨੂੰ ਆਪਣਾ ਹੱਕ ਸਮਝਦੇ ਸਨ। ਪਰ ਕਨੇਡਾ ਆ ਕੇ ਇਨ੍ਹਾਂ ਦੇ ਭਰਮ ਟੁੱਟੇ। ਇਨ੍ਹਾਂ ਨੂੰ ਵੈਨਕੂਵਰ ਦੀਆਂ ਸੜਕਾਂ ‘ਤੇ ਜ਼ਲੀਲ ਹੋਣਾ ਪਿਆ। ਨਸਲੀ ਵਿਤਕਰਿਆਂ ਦਾ ਸ਼ਿਕਾਰ ਹੋਣਾ ਪਿਆ। ਸੜਕਾਂ ‘ਤੇ ਤੁਰੇ ਜਾਂਦਿਆਂ ਨੂੰ ਗੋਰੇ ‘ਹਿੰਦੂ ਸਲੇਵ’ ਕਹਿ ਕੇ ਬੁਲਾਉਂਦੇ ਤਾਂ ਕਾਲਜੇ ‘ਚ ਛੁਰੀ ਫਿਰ ਜਾਂਦੀ ਸੀ। ਇਨ੍ਹਾਂ ਨਸਲੀ ਵਿਤਕਰਿਆਂ ਨੇ ਭਾਈ ਮੇਵਾ ਸਿੰਘ ਦੀ ਰੂਹ ਪੱਛ ਸੁੱਟੀ।

ਕਨੇਡੀਅਨ ਸਰਕਾਰ ਵੀ ਹਿੰਦੁਸਤਾਨੀ ਆਵਾਸੀਆਂ ਨਾਲ਼ ਜਥੇਬੰਦਕ ਢੰਗ ਨਾਲ਼ ਵਿਤਕਰਾ ਕਰ ਰਹੀ ਸੀ। ਮਾਰਚ 1907 ਵਿਚ ਹਿੰਦੁਸਤਾਨੀ ਆਵਾਸੀਆਂ ਕੋਲ਼ੋਂ ਵੋਟ ਦਾ ਹੱਕ ਖੋਹ ਲਿਆ ਗਿਆ। ਬ੍ਰਤਾਨਵੀ ਸਾਮਰਾਜ ਦੀਆਂ ਚਿੱਟੀਆਂ ਕਲੋਨੀਆਂ ਵਿਚ ਆ ਕੇ ਹਿੰਦੁਸਤਾਨੀ ਆਵਾਸੀ ਸਿਆਸੀ ਤੌਰ ‘ਤੇ ਜਾਗ੍ਰਿਤ ਹੁੰਦੇ ਸਨ ਜੋ ਕਿ ਬ੍ਰਤਾਨਵੀ ਸਾਮਰਾਜ ਲਈ ਖਤਰਨਾਕ ਗੱਲ ਸੀ। ਇਸ ਲਈ ਹਿੰਦੁਸਤਾਨੀਆਂ ਦੇ ਕਨੇਡਾ ਵਿਚ ਦਾਖਲੇ ਨੂੰ ਰੋਕਣ ਲਈ ਕਨੇਡੀਅਨ ਸਰਕਾਰ ਨੇ ਬ੍ਰਤਾਨੀਆ ਦੀ ਸਰਕਾਰ ਨਾਲ਼ ਸਲਾਹ ਕਰਕੇ 1908 ਵਿਚ ‘ਸਿੱਧੇ ਸਫਰ’ ਤੇ ‘ਜੇਬ ਵਿਚ ਦੋ ਸੌ ਡਾਲਰ’ ਦੀ ਸ਼ਰਤ ਵਾਲ਼ੇ ਨਸਲਵਾਦੀ ਕਾਨੂੰਨ ਬਣਾਏ। ਇਨ੍ਹਾਂ ਨਸਲਵਾਦੀ ਕਾਨੂੰਨਾਂ ਦੇ ਬਣਨ ਨਾਲ਼ ਹਿੰਦੁਸਤਾਨੀਆਂ ਦਾ ਕਨੇਡਾ ਵਿਚ ਆਉਣਾ ਬਿਲਕੁਲ ਹੀ ਬੰਦ ਹੋ ਗਿਆ। ‘ਸਿੱਧੇ ਸਫਰ’ ਦੀ ਸ਼ਰਤ ਵਾਲ਼ੇ ਕਾਨੂੰਨ ਕਾਰਨ ਕਨੇਡਾ ਵਿਚ ਪਹਿਲਾਂ ਤੋਂ ਰਹਿ ਰਹੇ ਹਿੰਦੁਸਤਾਨੀ ਆਵਾਸੀ ਇੰਡੀਆ ਤੋਂ ਆਪਣੇ ਪਰਿਵਾਰ ਵੀ ਨਹੀਂ ਸੀ ਮੰਗਵਾ ਸਕਦੇ। ਅਕਤੂਬਰ-ਨਵੰਬਰ 1908 ਵਿਚ ਕਨੇਡੀਅਨ ਸਰਕਾਰ ਨੇ ਕਨੇਡਾ ਵਸਦੇ ਸਾਰੇ ਦੇ ਸਾਰੇ ਹਿੰਦੁਸਤਾਨੀਆਂ ਨੂੰ ਇੱਥੋਂ ਕੱਢਕੇ ਬ੍ਰਿਟਿਸ਼ ਹਾਂਡੂਰਾਸ ਭੇਜਣ ਦੀ ਸਾਜ਼ਿਸ਼ ਰਚੀ ਜਿਸ ਨੂੰ ਕਨੇਡਾ ਦੇ ਸਿੱਖਾਂ ਨੇ ਸਫਲ ਨਾ ਹੋਣ ਦਿੱਤਾ। ਹਿੰਦੁਸਤਾਨੀਆਂ ਨਾਲ਼ ਹੁੰਦੇ ਇਸ ਭੈੜੇ ਵਰਤਾਉ ਕਾਰਨ ਕਨੇਡਾ ਰਹਿੰਦੇ ਹਿੰਦੁਸਤਾਨੀ ਇਹ ਸਮਝਣ ਲੱਗੇ ਕਿ ਉਨ੍ਹਾਂ ਦੀ ਦੁਰਦਸ਼ਾ ਦਾ ਅਸਲ ਕਾਰਨ ਹਿੰਦੁਸਤਾਨ ਦੀ ਗੁਲਾਮੀ ਹੈ। ਉਹ ਇਹ ਵੀ ਮਹਿਸੂਸ ਕਰਨ ਲੱਗੇ ਕਿ ਇਸ ਗੁਲਾਮੀ ਤੋਂ ਛੁਟਕਾਰਾ ਸਿਰਫ ਹਥਿਆਰਬੰਦ ਸੰਘਰਸ਼ ਰਾਹੀਂ ਹੀ ਪਾਇਆ ਜਾ ਸਕਦਾ ਹੈ।

ਕਨੇਡਾ ਰਹਿੰਦੇ ਹਿੰਦੁਸਤਾਨੀਆਂ ਨੇ ਅਮਰੀਕਾ ਦੇ ਹਿੰਦੁਸਤਾਨੀਆਂ ਨਾਲ਼ ਰਲ਼ਕੇ ਅਪ੍ਰੈਲ 1913 ‘ਚ ਗਦਰ ਪਾਰਟੀ ਬਣਾਈ। ਗਦਰ ਪਾਰਟੀ ਦਾ ਨਿਸ਼ਾਨਾ ਹਥਿਆਰਬੰਦ ਸੰਘਰਸ਼ ਰਾਹੀਂ ਹਿੰਦੁਸਤਾਨ ਲਈ ਆਜ਼ਾਦੀ ਪ੍ਰਾਪਤ ਕਰਕੇ ਉੱਥੇ ਅਮਰੀਕਾ ਵਰਗਾ ਸੈਕੂਲਰ ਡੈਮੋਕ੍ਰੈਟਿਕ ਰੀਪਬਲਿਕ ਕਾਇਮ ਕਰਨਾ ਸੀ। ਗਦਰ ਪਾਰਟੀ ਦੇ ਸਾਰੇ ਮੈਂਬਰ ਆਪਣੇ ਆਪ ਨੂੰ ਹਿੰਦੁਸਤਾਨੀ ਸਮਝਦੇ ਸਨ। ਪਾਰਟੀ ਅੰਦਰ ਧਰਮ ਬਾਰੇ ਗੱਲ ਬਾਤ ਨਹੀਂ ਸੀ ਕੀਤੀ ਜਾ ਸਕਦੀ। ਧਰਮ ਹਰ ਇਕ ਦਾ ਨਿੱਜੀ ਮਸਲਾ ਸੀ। ਗਦਰ ਪਾਰਟੀ ਦੇ ਹਰ ਮੈਂਬਰ ਦਾ ਫਰਜ਼ ਸੀ ਕਿ ਕਿ ਉਹ ਆਜ਼ਾਦੀ ਦੀ ਜੰਗ ਦੀ ਹਮਾਇਤ ਕਰੇ, ਚਾਹੇ ਉਹ ਦੁਨੀਆ ਦੇ ਕਿਸੇ ਹਿੱਸੇ ਵਿਚ ਵੀ ਲੜੀ ਜਾ ਰਹੀ ਹੋਵੇ।[1] ਭਾਈ ਮੇਵਾ ਸਿੰਘ ਵੀ ਭਾਈ ਭਾਗ ਸਿੰਘ ਤੇ ਭਾਈ ਬਲਵੰਤ ਸਿੰਘ ਵਰਗੇ ਆਪਣੇ ਸਾਥੀਆਂ ਨਾਲ਼ ਰਲ਼ਕੇ ਗਦਰ ਪਾਰਟੀ ਲਈ ਕੰਮ ਕਰਨ ਲੱਗੇ।

23 ਮਈ, 1914 ਨੂੰ ਵੈਨਕੂਵਰ ਆਏ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਨਾਲ ਬੜੀ ਭਾਰੀ ਬੇਇਨਸਾਫੀ ਕਰਦਿਆਂ ਬ੍ਰਿਟਸ਼ ਕੋਲੰਬੀਆ ਦੀ ਅਪੀਲ ਕੋਰਟ ਨੇ 6 ਜੁਲਾਈ, 1914 ਨੂੰ ਮੁਸਾਫਰਾਂ ਵਿਰੁੱਧ ਫੈਸਲਾ ਸੁਣਾ ਦਿੱਤਾ ਸੀ। ਕਾਮਗਾਟਾ ਮਾਰੂ ਨੂੰ ਵਾਪਸ ਮੋੜੇ ਜਾਣ ਦੇ ਆਰਡਰ ਹੋ ਗਏ ਸਨ।

---

[1] “ਬਾਬਾ ਸੋਹਣ ਸਿੰਘ ਭਕਨਾ ਨਾਲ਼ ਮੁਲਾਕਾਤ: 1967”, ਪ੍ਰੇਮ ਸਿੰਘ ਬਜਾਜ, *ਦੋ ਪੈੜਾਂ ਇਤਿਹਾਸ ਦੀਆਂ* (ਲੁਧਿਆਣਾ: ਪੰਜਾਬੀ ਸਾਹਿਤ ਅਕਾਡਮੀ, 2004), ਪੰਨਾ 55.

ਵੈਨਕੂਵਰ ਦੇ ਗਦਰੀ ਲੀਡਰ ਚਾਹੁੰਦੇ ਸਨ ਕਿ ਜੇ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਵਾਪਸ ਮੁੜਨਾ ਪੈਂਦਾ ਹੈ ਤਾਂ ਉਹ ਦੇਸ਼ ਜਾ ਕੇ ਹਿੰਦੁਸਤਾਨ ਦੀ ਆਜ਼ਾਦੀ ਲਈ ਕੀਤੇ ਜਾਣ ਵਾਲ਼ੇ ਗਦਰ ਵਿੱਚ ਹਿੱਸਾ ਲੈਣ। ਇਸ ਮਕਸਦ ਲਈ ਉਹ ਜਹਾਜ਼ ਦੇ ਮੁਸਾਫਰਾਂ ਨੂੰ ਗਦਰੀ ਲਿਟਰੇਚਰ ਪਹੁੰਚਾਉਂਦੇ ਰਹੇ ਸਨ ਤੇ ਹੁਣ ਉਹ ਜਹਾਜ਼ ਦੇ ਮੁਸਾਫਰਾਂ ਨੂੰ ਹਥਿਆਰ ਪਹੁੰਚਾਉਣ ਦੇ ਯਤਨ ਕਰ ਰਹੇ ਸਨ।

ਵੈਨਕੂਵਰ ਦੇ ਗਦਰੀ ਲੀਡਰਾਂ ਕਨੇਡਾ ਵਿੱਚ ਹਥਿਆਰ ਖਰੀਦਣ ਦੀ ਕੋਸ਼ਿਸ਼ ਕੀਤੀ। ਇੱਥੇ ਹਥਿਆਰ ਖਰੀਦਣ ’ਚ ਅਸਫਲ ਰਹਿਣ ਬਾਅਦ ਭਾਈ ਮੇਵਾ ਸਿੰਘ, ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ ਤੇ ਬਾਬੂ ਹਰਨਾਮ ਸਿੰਘ ਸਾਹਰੀ ਹਥਿਆਰ ਖਰੀਦਣ ਦੇ ਇਰਾਦੇ ਨਾਲ 16 ਜੁਲਾਈ, 1914 ਵਾਲ਼ੇ ਦਿਨ ਐਬਟਸਫੋਰਡ ਲਾਗਿਉਂ ਸਰਹੱਦ ਪਾਰ ਕਰਕੇ ਅਮਰੀਕਾ ਦੇ ਸ਼ਹਿਰ ਸੂਮਾਸ ਪੁੱਜੇ। ਅਮਰੀਕਾ ਦੇ ਸ਼ਹਿਰ ਸੀਆਟਲ ਤੋਂ ਬੰਗਾਲੀ ਇਨਕਲਾਬੀ ਬਾਬੂ ਤਾਰਕਨਾਥ ਦਾਸ ਪਹਿਲਾਂ ਹੀ ਸੂਮਾਸ ਪੁੱਜੇ ਹੋਏ ਸਨ। ਰਾਤ ਉਨ੍ਹਾਂ ‘ਸਮੇਲ’ ਨਾਂ ਦੇ ਹੋਟਲ ਵਿੱਚ ਗੁਜ਼ਾਰੀ। ਅਗਲੇ ਦਿਨ ਨਾਸ਼ਤਾ ਕਰਨ ਤੋਂ ਬਾਅਦ ਉਨ੍ਹਾਂ ‘ਰੀਜ-ਥੋਮਸ’ ਸਟੋਰ ਤੋਂ ਰੀਵਾਲਵਰ ਖਰੀਦੇ। ਕੁਝ ਸਮੇਂ ਬਾਅਦ ਭਾਈ ਮੇਵਾ ਸਿੰਘ ਝਾੜੀਆਂ ਵਿੱਚ ਦੀ ਬਾਰਡਰ ਪਾਰ ਕਰਕੇ ਕਨੇਡਾ ਵਿੱਚ ਦਾਖਲ ਹੁੰਦੇ ਫੜੇ ਗਏ। ਤਲਾਸ਼ੀ ਲੈਣ ’ਤੇ ਪੁਲਸ ਨੂੰ ਮੇਵਾ ਸਿੰਘ ਦੀ ਡਬ ’ਚ ਲੁਕੋਏ ਹੋਏ ਦੋ ਰੀਵਾਲਵਰ ਮਿਲ਼ੇ। ਮੇਵਾ ਸਿੰਘ ਦੀ ਖੱਬੀ ਤੇ ਸੱਜੀ ਜੁਰਾਬ ਅਤੇ ਅੰਦਰਲੀ ਝੱਗੀ ਦੀ ਜੇਬ ’ਚ ਲੁਕੋਏ ਪੰਜ ਸੌ ਗੋਲ਼ੀਆਂ ਦੇ ਪੈਕਟ ਵੀ ਫੜੇ ਗਏ।[2] ਮੇਵਾ ਸਿੰਘ ਨੂੰ ਲਿਆ ਕੇ ਨਿਊ ਵੈਸਟਮਿਨਸਟਰ ਜੇਲ੍ਹ ’ਚ ਬੰਦ ਕਰ ਦਿੱਤਾ ਗਿਆ।

ਨਿਊ ਵੈਸਟਮਿਨਸਟਰ ਦੀ ਜੇਲ੍ਹ ‘ਚ ਬੰਦ ਭਾਈ ਮੇਵਾ ਸਿੰਘ ਨਾਲ਼ ਵੈਨਕੂਵਰ ਇਮੀਗ੍ਰੇਸ਼ਨ ਡੀਪਾਰਟਮੈਂਟ ਦੇ ਹੈੱਡ ਮੈਲਕਮ ਰੀਡ ਅਤੇ ਇਮੀਗ੍ਰੇਸ਼ਨ ਡੀਪਾਰਟਮੈਂਟ ਨਾਲ਼ ਦੁਭਾਸ਼ੀਏ ਦਾ ਕੰਮ ਕਰਦੇ ਵਿਲੀਅਮ ਹਾਪਕਿਨਸਨ ਨੇ ਮੁਲਾਕਾਤ ਕੀਤੀ।। ਕਲੱਕਤਾ ਪੁਲਸ ਦਾ ਇੰਸਪੈਕਟਰ ਵਿਲੀਅਮ ਹਾਪਕਿਨਸਨ 1908 ਦੇ ਸ਼ੁਰੂ ਵਿੱਚ ਕਲਕੱਤਿਓਂ ਵੈਨਕੂਵਰ ਆਇਆ ਸੀ। ਉਹ ਕਨੇਡੀਅਨ ਇਮੀਗ੍ਰੇਸ਼ਨ ਡੀਪਾਰਟਮੈਂਟ ਦੇ ਵੈਨਕੂਵਰ ਸੈਂਟਰ ਵਿੱਚ ਦੁਭਾਸ਼ੀਏ ਦਾ ਕੰਮ ਕਰਦਾ ਸੀ ਪਰ ਉਹਦਾ ਅਸਲ ਕੰਮ ਹਿੰਦੁਸਤਾਨ, ਇੰਗਲੈਂਡ, ਕਨੇਡਾ ਅਤੇ ਅਮਰੀਕਾ ਦੀਆਂ ਸਰਕਾਰਾਂ ਲਈ ਜਾਸੂਸੀ ਕਰਨਾ ਸੀ। ਉਹ ਕਨੇਡਾ ਅਮਰੀਕਾ ਦੇ ਪੱਛਮੀ ਤੱਟ ‘ਤੇ ਵਸੇ ਹਿੰਦੁਸਤਾਨੀਆਂ ਦੇ ਕੰਮਾਂ ‘ਤੇ ਨਜ਼ਰ ਰੱਖਦਾ ਸੀ। ਉਸਦਾ ਕੰਮ ਵੈਨਕੂਵਰ ਦੀ ਹਿੰਦੁਸਤਾਨੀ ਕਮਿਊਨਿਟੀ ਵਿਚ ਫੁੱਟ ਪਾਉਣੀ ਤੇ ਹਿੰਦੁਸਤਾਨੀਆਂ ਦੇ ਦੇਸ਼-ਭਗਤ ਧੜੇ ਨੂੰ ਨੁਕਸਾਨ ਪਹੁੰਚਾਉਣਾ ਸੀ। ਉਸ ਨੇ ਵੈਨਕੂਵਰ ਦੀ ਹਿੰਦੁਸਤਾਨੀ ਕਮਿਊਨਿਟੀ ਵਿੱਚੋਂ ਬੇਲਾ ਸਿੰਘ ਜਿਆਣ, ਬਾਬੂ ਸਿੰਘ ਲਿਤਰਾਂ ਤੇ ਗੰਗਾ ਰਾਮ ਬਾੜੀਆਂ (ਸਹੋਤਾ ਜੱਟ) ਵਰਗੇ ਬੰਦੇ ਖਰੀਦ ਕੇ ਇੱਕ ਸਰਕਾਰ-ਪੱਖੀ ਧੜਾ ਕਾਇਮ ਕੀਤਾ ਹੋਇਆ ਸੀ। ਇਨ੍ਹਾਂ ਬੰਦਿਆਂ ਦੀ ਮਦਦ ਨਾਲ਼ ਉਹ ਹਿੰਦੁਸਤਾਨੀ ਕਮਿਊਨਿਟੀ ਦੀ ਜਾਸੂਸੀ ਕਰਦਾ ਸੀ ਤੇ ਗਦਰੀਆਂ ਦੀਆਂ ਸਰਗਰਮੀਆਂ ਬਾਰੇ ਸਰਕਾਰ ਨੂੰ ਸੂਚਿਤ ਕਰਦਾ ਸੀ।

ਮੈਲਕਮ ਰੀਡ ਅਤੇ ਵਿਲੀਅਮ ਹਾਪਕਿਨਸਨ ਨੇ ਜੇਲ੍ਹ ‘ਚ ਬੰਦ ਭਾਈ ਮੇਵਾ ਸਿੰਘ ਨੂੰ ਮੁਲਾਕਾਤ ਦੌਰਾਨ ਪੇਸ਼ਕਸ਼ ਕੀਤੀ ਕਿ ਜੇ ਉਹ ਇਹ ਸਟੇਟਮੈਂਟ ਦੇ ਦੇਵੇ ਕਿ ਉਸ ਕੋਲੋਂ ਫੜੇ ਹਥਿਆਰ ਭਾਈ ਬਲਵੰਤ ਸਿੰਘ, ਭਾਈ ਭਾਗ ਸਿੰਘ ਅਤੇ ਬਾਬੂ ਹਰਨਾਮ ਸਿੰਘ ਸਾਹਰੀ ਦੇ ਹਨ ਅਤੇ ਉਨ੍ਹਾਂ ਨੇ ਇਹ ਹਥਿਆਰ ਵੈਨਕੂਵਰ ਰਹਿੰਦੇ ਗੁਜਰਾਤੀ ਇਨਕਲਾਬੀ ਹੁਸੈਨ ਰਹੀਮ ਵਾਸਤੇ ਭੇਜੇ ਹਨ ਤਾਂ ਉਸ ਨੂੰ ਮਾਮੂਲੀ ਸਜ਼ਾ ਦੇ ਕੇ ਛੱਡ ਦਿੱਤਾ ਜਾਵੇਗਾ। ਉਨ੍ਹਾਂ ਇਹ ਧਮਕੀ ਵੀ ਦਿੱਤੀ ਕਿ ਜੇ ਉਸ ਨੇ ਅਜਿਹੀ ਸਟੇਟਮੈਂਟ ਨਾ ਦਿੱਤੀ ਤਾਂ ਉਸ ਨੂੰ ਪੰਜ ਜਾਂ ਦਸ ਸਾਲ ਦੀ ਸਜ਼ਾ ਹੋਵੇਗੀ। ਪਰ ਭਾਈ ਮੇਵਾ ਸਿੰਘ ਨੇ

[2] W. C. Hopkinson to Samuel Backus, Commissioner of U.S. Immigration, San Francisco, july 20, 1914, PRO, C. O. 42/980.

ਆਪਣੇ ਗਦਰੀ ਸਾਥੀਆਂ ਵਿਰੁੱਧ ਅਜਿਹੀ ਸਟੇਟਮੈਂਟ ਦੇਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਸਾਫ਼ ਕਹਿ ਦਿੱਤਾ ਕਿ, "...ਤੁਸੀਂ ਭਾਵੇਂ ਮੇਰੇ ਛੋਟੇ ਛੋਟੇ ਟੁਕੜੇ ਕਰ ਦੇਵੋ ਪਰ ਮੈਂ ਤੁਹਾਡੇ ਲਈ ਇਹ ਝੂਠ ਨਹੀਂ ਬੋਲਾਂਗਾ।"[3]

ਮੈਲਕਮ ਰੀਡ ਤੇ ਹਾਪਕਿਨਸਨ ਮੇਵਾ ਸਿੰਘ ਤੋਂ ਬੜੇ ਨਿਰਾਸ਼ ਸਨ। ਪਰ ਫੇਰ ਵੀ ਉਨ੍ਹਾਂ ਇਸ ਆਸ ਉੱਤੇ ਕਿ ਸ਼ਾਇਦ ਮੇਵਾ ਸਿੰਘ ਭਵਿੱਖ ਵਿੱਚ ਗਦਰੀ ਲੀਡਰਾਂ ਵਿਰੁੱਧ ਸਟੇਟਮੈਂਟ ਦੇ ਦੇਵੇ, ਉਹਨੂੰ 7 ਅਗਸਤ, 1914 ਨੂੰ ਪੰਜਾਹ ਡਾਲਰ ਦਾ ਜੁਰਮਾਨਾ ਕਰਵਾ ਕੇ ਛੁਡਾ ਦਿੱਤਾ। ਪਰ ਭਾਈ ਮੇਵਾ ਸਿੰਘ ਉਨ੍ਹਾਂ ਦੀਆਂ ਸਭ ਚਾਲਾਂ ਨੂੰ ਸਮਝਦੇ ਸਨ।

4 ਅਗਸਤ, 1914 ਨੂੰ ਪਹਿਲਾ ਸੰਸਾਰ ਯੁੱਧ ਸ਼ੁਰੂ ਹੋ ਗਿਆ। ਗਦਰ ਪਾਰਟੀ ਨੂੰ ਹੋਂਦ ਵਿਚ ਆਇਆਂ ਹਾਲਾਂ ਸਿਰਫ ਸਤਾਰਾਂ ਮਹੀਨੇ ਹੋਏ ਸਨ। ਗਦਰ ਪਾਰਟੀ ਦੀ ਹਿੰਦੁਸਤਾਨ ਜਾ ਕੇ ਗਦਰ ਮਚਾਉਣ ਦੀ ਤਿਆਰੀ ਬਿਲਕੁਲ ਨਹੀਂ ਸੀ ਪਰ ਦੁਸ਼ਮਣ ਨੂੰ ਲੜਾਈ ਵਿਚ ਫਸਿਆ ਵੇਖ ਗਦਰ ਪਾਰਟੀ ਨੇ ਗਦਰੀਆਂ ਨੂੰ ਦੇਸ਼ ਜਾ ਕੇ ਗਦਰ ਮਚਾਉਣ ਦਾ ਸੱਦਾ ਦੇ ਦਿੱਤਾ। ਗਦਰ ਪਾਰਟੀ ਦਾ ਹੁਕਮ ਮੰਨਦਿਆਂ ਕਨੇਡਾ ਦੇ ਗਦਰੀ ਵੀ ਦੇਸ਼ ਜਾ ਕੇ ਗਦਰ ਮਚਾਉਣ ਦੇ ਇਰਾਦੇ ਨਾਲ਼ ਜਹਾਜ਼ੀਂ ਚੜ੍ਹਨ ਲੱਗੇ। ਹਾਪਕਿਨਸਨ ਜਿਹੜਾ ਹੁਣ ਤੱਕ ਕੋਸ਼ਿਸ਼ਾਂ ਕਰਦਾ ਆਇਆ ਸੀ ਕਿ ਕੋਈ ਵੀ ਹਿੰਦੁਸਤਾਨੀ ਕਨੇਡਾ ਨਾ ਆ ਸਕੇ, ਹੁਣ ਉਹੀ ਹਾਪਕਿਨਸਨ ਅੱਡੀ-ਚੋਟੀ ਦਾ ਜ਼ੋਰ ਲਗਾ ਰਿਹਾ ਸੀ ਕਿ ਕੋਈ ਵੀ ਹਿੰਦੁਸਤਾਨੀ ਕਨੇਡਾ ਛੱਡ ਕੇ ਗਦਰ ਮਚਾਉਣ ਲਈ ਹਿੰਦੁਸਤਾਨ ਨਾ ਜਾ ਸਕੇ। ਹਾਪਕਿਨਸਨ ਲਈ ਭਾਈ ਭਾਗ ਸਿੰਘ ਵਰਗੇ ਲੀਡਰ ਦਾ ਰੋਕਿਆ ਜਾਣਾ ਬਹੁਤ ਜ਼ਰੂਰੀ ਸੀ ਤੇ ਇਸ ਵਾਸਤੇ ਉਹ ਕੋਈ ਵੀ ਕਦਮ ਚੁੱਕਣ ਨੂੰ ਤਿਆਰ ਦੀ। ਗਦਰ ਪਾਰਟੀ ਦੀਆਂ ਸਰਗਰਮੀਆਂ ਨੂੰ ਤਾਰਪੀਡੋ ਕਰਨ ਲਈ ਹਾਪਕਿਨਸਨ ਦੀ ਸ਼ਹਿ 'ਤੇ ਬੇਲਾ ਸਿੰਘ ਜਿਆਣ ਨੇ 5 ਸਤੰਬਰ, 1914 ਨੂੰ ਕਨੇਡਾ ਦੀ ਗਦਰ ਪਾਰਟੀ ਦੇ ਮੁੱਖ ਲੀਡਰ ਤੇ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਉਨ੍ਹਾਂ ਦੇ ਸਾਥੀ ਭਾਈ ਬਦਨ ਸਿੰਘ ਨੂੰ ਵੈਨਕੂਵਰ ਦੇ ਗੁਰਦੁਆਰੇ ਵਿੱਚ ਗੋਲ਼ੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਭਾਈ ਭਾਗ ਸਿੰਘ ਦੀ ਪਤਨੀ ਬੀਬੀ ਹਰਨਾਮ ਕੌਰ ਦੀ ਮੌਤ ਪਹਿਲਾਂ ਹੀ ਜਨਵਰੀ 1914 ਵਿੱਚ ਹੋ ਚੁੱਕੀ ਸੀ। ਭਾਈ ਭਾਗ ਸਿੰਘ ਦੀ ਮੌਤ ਨਾਲ ਉਨ੍ਹਾਂ ਦਾ ਪੌਣੇ ਤਿੰਨ ਸਾਲ ਦਾ ਪੁੱਤਰ ਜੋਗਿੰਦਰ ਸਿੰਘ ਅਤੇ ਛੇ ਮਹੀਨੇ ਦੀ ਧੀ ਕਰਮ ਕੌਰ ਯਤੀਮ ਹੋ ਗਏ। ਭਾਈ ਮੇਵਾ ਸਿੰਘ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦੇ। ਭਾਈ ਮੇਵਾ ਸਿੰਘ ਨੇ ਗਦਾਰ ਬੇਲਾ ਸਿੰਘ ਦੇ ਪਿੱਛੇ ਅਸਲੀ 'ਤਾਕਤ' ਹਾਪਕਿਨਸਨ ਨੂੰ ਕਤਲ ਕਰਨ ਦਾ ਮਨ ਬਣਾ ਲਿਆ।

ਦਰਅਸਲ ਭਾਈ ਮੇਵਾ ਸਿੰਘ ਵੱਲੋਂ ਹਾਪਕਿਨਸਨ ਨੂੰ ਗੋਲ਼ੀ ਮਾਰਨ ਦੇ ਫੈਸਲੇ ਪਿੱਛੇ ਬਹੁਤ ਸਾਰੇ ਕਾਰਨ ਸਨ। ਇਸ ਪਿੱਛੇ ਹਾਪਕਿਨਸਨ ਦੇ ਘਿਨਾਉਣੇ ਕੰਮਾਂ ਦੀ ਇਕ ਲੰਮੀ ਲਿਸਟ ਸੀ। ਹਾਪਕਿਨਸਨ ਨੇ ਹਿੰਦੁਸਤਾਨੀਆਂ ਦੇ ਦੇਸ਼ ਭਗਤ ਧੜੇ ਨੂੰ ਬੜਾ ਨੁਕਸਾਨ ਪਹੁੰਚਾਇਆ ਸੀ। ਉਸ ਨੇ ਵੈਨਕੂਵਰ ਆਉਂਦਿਆਂ ਹੀ ਬਾਬੂ ਤਾਰਕਨਾਥ ਦੀਆਂ ਇਨਕਲਾਬੀ ਸਰਗਰਮੀਆਂ ਬਾਰੇ ਅਖਬਾਰਾਂ 'ਚ ਲੇਖ ਲਿਖੇ ਸਨ। ਸਿੱਟੇ ਵਜੋਂ ਤਾਰਕਨਾਥ ਦਾਸ ਨੂੰ ਵੈਨਕੂਵਰ ਛੱਡ ਕੇ ਅਮਰੀਕਾ ਜਾਣਾ ਪਿਆ ਸੀ। ਹਾਪਕਿਨਸਨ ਨੇ ਕਨੇਡਾ, ਇੰਗਲੈਂਡ ਅਤੇ ਹਿੰਦੁਸਤਾਨ ਦੀਆਂ ਸਰਕਾਰਾਂ ਨੂੰ ਰਿਪੋਰਟਾਂ ਭੇਜੀਆਂ ਸਨ ਕਿ ਵੈਨਕੂਵਰ ਦੇ ਹਿੰਦੁਸਤਾਨੀ ਆਵਾਸੀ ਸ਼ੋਸਲਿਸਟ ਵਿਚਾਰਾਂ ਤੋਂ ਪ੍ਰਭਾਵਤ ਹੋ ਰਹੇ ਸਨ, ਜੋ ਕਿ ਹਿੰਦੁਸਤਾਨ ਵਿਚਲੇ ਅੰਗਰੇਜ਼ੀ ਰਾਜ ਲਈ ਖਤਰਨਾਕ ਗੱਲ ਸੀ। ਸਿੱਟੇ ਵਜੋਂ ਕਨੇਡੀਅਨ ਸਰਕਾਰ ਨੇ ਇਮੀਗਰੇਸ਼ਨ ਦੇ ਐਸੇ ਕਾਨੂੰਨ ਬਣਾਏ ਸਨ, ਜਿਨ੍ਹਾਂ ਨਾਲ ਹਿੰਦੁਸਤਾਨੀਆਂ ਦਾ ਕਨੇਡਾ ਆ ਸਕਣਾ ਅਸੰਭਵ ਹੋ ਗਿਆ ਸੀ।

[3] Statement Read for Mewa Singh by his lawyer at his trial of October 30, 1914, Trial Transcript.

ਅਕਤੂਬਰ-ਨਵੰਬਰ 1908 ਵਿੱਚ ਕਨੇਡੀਅਨ ਸਰਕਾਰ ਵਲੋਂ ਸਭ ਹਿੰਦੁਸਤਾਨੀਆਂ ਨੂੰ ਕਨੇਡਾ ’ਚੋਂ ਕੱਢਕੇ ਹਾਂਡੂਰਾਸ ਭੇਜਣ ਲਈ ਘੜੀ ਸਾਜ਼ਿਸ਼ ਵਿੱਚ ਹਾਪਕਿਨਸਨ ਮੋਹਰੀ ਸੀ। ਉਸ ਨੇ ਹਿੰਦੁਸਤਾਨੀ ਕਮਿਊਨਿਟੀ ਦੇ ਹਰਮਨ ਪਿਆਰੇ ਲੀਡਰ ਹੁਸੈਨ ਰਹੀਮ ਨੂੰ ਕਨੇਡਾ ’ਚੋਂ ਦੇਸ਼-ਨਿਕਾਲ਼ਾ ਦਿਵਾਉਣ ਲਈ ਵਾਰ ਵਾਰ ਕੋਸ਼ਿਸ਼ਾਂ ਕੀਤੀਆਂ ਸਨ। ਕਮਿਊਨਿਟੀ ਦੇ ਇੱਕ ਹੋਰ ਹਰਮਨ ਪਿਆਰੇ ਅਤੇ ਇਨਕਲਾਬੀ ਲੀਡਰ ਗਿਆਨੀ ਭਗਵਾਨ ਸਿੰਘ ਨੂੰ ਉਸ ਨੇ ਨਵੰਬਰ, 1913 ਵਿੱਚ ਕਨੇਡਾ ’ਚੋਂ ਦੇਸ਼-ਨਿਕਾਲ਼ਾ ਦੁਆਇਆ ਸੀ। ਕਾਮਾਗਾਟਾ ਮਾਰੂ ਦੇ ਸੰਘਰਸ਼ ਵਿੱਚ ਹਾਪਕਿਨਸਨ ਨੇ ਖਲਨਾਇਕ ਦੀ ਭੂਮਿਕਾ ਨਿਭਾਈ ਸੀ।

ਹਾਪਕਿਨਸਨ ਦੇ ਖ਼ੁਫ਼ੀਆ ਕੰਮ ਦੀਆਂ ਸਰਗਰਮੀਆਂ ਕਨੇਡਾ ਤੱਕ ਹੀ ਸੀਮਤ ਨਹੀਂ ਸਨ। ਉਹ ਅਮਰੀਕਾ ਦੇ ਪੱਛਮੀ ਤੱਟ ’ਤੇ ਵਸਦੇ ਗਦਰੀਆਂ ਦੀਆਂ ਗਤੀ-ਵਿਧੀਆਂ ’ਤੇ ਵੀ ਨਜ਼ਰ ਰੱਖਦਾ ਸੀ। ਉਹ ਅਮਰੀਕਾ ਦੇ ਸਿਆਟਲ, ਪੋਰਟਲੈਂਡ, ਅਸਟੋਰੀਆ, ਸਾਨ ਫਰਾਂਸਿਸਕੋ ਅਤੇ ਸਟਾਕਟਨ ਵਰਗੇ ਸ਼ਹਿਰਾਂ ’ਚ ਜਾ ਕੇ ਗਦਰੀਆਂ ਦੀ ਸੀ. ਆਈ. ਡੀ. ਕਰਦਾ ਸੀ। ਉਸ ਨੇ ਲਾਲਾ ਹਰਦਿਆਲ ਵਿਰੁੱਧ ਸਬੂਤ ਇਕੱਠੇ ਕੀਤੇ ਸਨ ਤੇ ਉਸ ਨੂੰ ਅਨਾਰਕਿਸਟ ਕਰਾਰ ਦੁਆ ਕੇ ਅਮਰੀਕਾ ’ਚੋਂ ਕਢਵਾਇਆ ਸੀ। ਅਗਸਤ, 1914 ਵਿੱਚ ਗਦਰ ਪਾਰਟੀ ਵਲੋਂ ਦੇਸ਼ ਜਾ ਕੇ ਇਨਕਲਾਬ ਕਰਨ ਦੇ ਸੱਦੇ ’ਤੇ ਹਜ਼ਾਰਾਂ ਹਿੰਦੁਸਤਾਨੀ ਕਨੇਡਾ, ਅਮਰੀਕਾ ਛੱਡ ਜਹਾਜ਼ੀ ਚੜ੍ਹ ਰਹੇ ਸਨ। ਹਾਪਕਿਨਸਨ ਗਦਰੀਆਂ ਨੂੰ ਰੋਕਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਿਹਾ ਸੀ ਤੇ ਜਹਾਜ਼ੀਂ ਚੜ੍ਹ ਜਾਣ ਵਾਲ਼ੇ ਗਦਰੀਆਂ ਦੇ ਨਾਵਾਂ ਦੀਆਂ ਲਿਸਟਾਂ ਬਣਾ ਕੇ ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਨੂੰ ਭੇਜ ਰਿਹਾ ਸੀ। ਤੇ ਹੁਣ ਉਸ ਨੇ ਵੈਨਕੂਵਰ ਦੀ ਹਿੰਦੁਸਤਾਨੀ ਕਮਿਊਨਿਟੀ ਦੇ ਸਭ ਤੋਂ ਹਰਮਨ ਪਿਆਰੇ ਲੀਡਰ ਭਾਈ ਭਾਗ ਸਿੰਘ ਦਾ ਕਤਲ ਕਰਵਾ ਦਿੱਤਾ ਸੀ।

ਭਾਈ ਭਾਗ ਸਿੰਘ ਦੇ ਕਾਤਲ ਬੇਲਾ ਸਿੰਘ ਜਿਆਣ ਉੱਤੇ ਵੈਨਕੂਵਰ ’ਚ, ਬੀ. ਸੀ. ਦੀ ਪ੍ਰੋਵਿੰਸ਼ੀਅਲ ਕੋਰਟ ਵਿੱਚ ਮੁੱਕਦਮਾ ਚੱਲ ਰਿਹਾ ਸੀ। ਕੁਝ ਦਿਨ ਪਹਿਲਾਂ ਹੌਪਕਿਨਸਨ ਨੇ ਗਵਾਹੀ ਦੇ ਕੇ ‘ਸਰਕਾਰ-ਪ੍ਰਸਤ ਟੋਲੇ’ ਨਾਲ਼ ਸੰਬੰਧਤ ਬੇਲਾ ਸਿੰਘ ਦੇ ਇਕ ‘ਬੰਦੇ’ ਨੂੰ ਕਤਲ ਦੇ ਕੇਸ ‘ਚੋਂ ਬਰੀ ਕਰਵਾਇਆ ਸੀ।[4] ਤੇ ਹੁਣ ਉਹ ਬੇਲਾ ਸਿੰਘ ਦੇ ਹੱਕ ਵਿਚ ਜਿਊਰੀ ਅੱਗੇ ਗਵਾਹੀ ਦੇਣ ਜਾ ਰਿਹਾ ਸੀ। 21 ਅਕਤੂਬਰ, 1914 ਦਾ ਦਿਨ ਸੀ। ਸਵੇਰ ਦੇ ਦਸ ਵੱਜ ਕੇ ਬਾਰਾਂ ਮਿੰਟ ਹੋਏ ਸਨ। ਹਾਪਕਿਨਸਨ ਕੋਰਟਰੂਮ ‘ਚ ਦਾਖਲ ਹੋਣ ਵਾਲ਼ੇ ਦਰਵਾਜ਼ੇ ਦੇ ਬਿਲਕੁਲ ਕੋਲ਼ ਬਰਾਂਡੇ ਵਿਚ ਕੰਧ ਨਾਲ਼ ਢੋਅ ਲਾਈ ਖੜ੍ਹਾ ਸੀ। ਭਾਈ ਮੇਵਾ ਸਿੰਘ ਬਰਾਂਡੇ ਵਿਚੋਂ ਦੀ ਤੁਰਦੇ ਹੋਏ ਹਾਪਕਿਨਸਨ ਦੇ ਨੇੜੇ ਪੁੱਜ ਗਏ। ਉਨ੍ਹਾਂ ਨੇ ਦੋਨੋਂ ਹੱਥ ਆਪਣੀ ਪਤਲੂਨ ਦੀਆਂ ਜੇਬਾਂ ‘ਚ ਪਾਏ ਹੋਏ ਸਨ। ਹਾਪਕਿਨਸਨ ਦੇ ਕੋਲ਼ ਪੁੱਜ ਕੇ ਉਨ੍ਹਾਂ ਆਪਣਾ ਪਸਤੌਲ ਕੱਢਿਆ ਤੇ ਇਕ ਕਦਮ ਅੱਗੇ ਵਧ ਕੇ ਸੱਜੇ ਹੱਥ ਨਾਲ਼ ਉਸ ਦੇ ਗੋਲ਼ੀ ਮਾਰੀ । ਹਾਪਕਿਨਸਨ ਨੇ ਭਾਈ ਮੇਵਾ ਸਿੰਘ ਨੂੰ ਫੜਨ ਦੀ ਕੋਸ਼ਿਸ਼ ਕੀਤੀ ਪਰ ਮੇਵਾ ਸਿੰਘ ਨੇ ਕਾਹਲ਼ੀ ਨਾਲ਼ ਉਸ ਦੇ ਹੋਰ ਗੋਲ਼ੀਆਂ ਮਾਰ ਦਿੱਤੀਆਂ। ਗੋਲ਼ੀਆਂ ਲੱਗਣ ਨਾਲ਼ ਹਾਪਕਿਨਸਨ ਗੋਡਿਆਂ ਭਾਰ ਹੋ ਗਿਆ ਤੇ ਉਹਨੇ ਮੇਵਾ ਸਿੰਘ ਦੇ ਪੱਟ ਫੜ ਲਏ। ਭਾਈ ਮੇਵਾ ਸਿੰਘ ਨੇ ਆਪਣੇ ਸੱਜੇ ਹੱਥ ਵਿਚ ਫੜੇ ਰੀਵਾਲਵਰ ਦੀ ਹੱਥੀ ਹਾਪਕਿਨਸਨ ਦੇ ਸਿਰ ਵਿਚ ਕਈ ਵਾਰ ਮਾਰੀ। ਇਸ ਤੋਂ ਬਾਅਦ ਉਨ੍ਹਾਂ ਸੱਜੇ ਹੱਥ ਵਿਚ ਫੜਿਆ ਰੀਵਾਲਵਰ ਥੱਲੇ ਸੁੱਟ ਦਿੱਤਾ ਅਤੇ ਆਪਣੇ ਖੱਬੇ ਹੱਥ ਵਿਚ ਫੜੇ ਰੀਵਾਲਵਰ ਨੂੰ ਸੱਜੇ ਹੱਥ ਵਿਚ ਫੜ ਕੇ ਹਾਪਕਿਨਸਨ ਦੇ ਹੋਰ ਗੋਲ਼ੀਆਂ ਮਾਰੀਆਂ।[5] ਕੋਰਟਰੂਮ ਵਿਚ ਹਾਜ਼ਰ ਬਹੁਤ ਸਾਰੇ ਬੰਦਿਆਂ ਨੇ ਕਤਲ

[4] Mr. Justice Aulay Morrison to Secretary of State, Ottawa, November 9, 1914. Archives Canada, RG 13, Vol. 1467.
[5] Evidence of witness W.A. Campbell, REX VS MEWA SINGH, Vancouver, October 30, 1914, Trial Transcript.

ਹੁੰਦਾ ਵੇਖਿਆ ਸੀ। ਪਰ ਉਹ ਡਰ ਨਾਲ਼ ਸਹਿਮ ਗਏ ਸਨ। ਉਨ੍ਹਾਂ ਬਾਹਰ ਆਉਣ ਦਾ ਹੌਸਲਾ ਨਾ ਕੀਤਾ ਤੇ ਮਲਕੜੇ ਜਿਹੇ ਕੋਰਟਰੂਮ ਦਾ ਦਰਵਾਜ਼ਾ ਬੰਦ ਕਰ ਲਿਆ।[6]

ਹਾਪਕਨਿਸਨ ਦੇ ਚਾਰ ਗੋਲ਼ੀਆਂ ਲੱਗੀਆਂ ਸਨ। ਇੱਕ ਗੋਲ਼ੀ ਉਸ ਦੇ ਖੱਬੇ ਪੱਟ ਦੇ ਹੇਠਲੇ ਹਿੱਸੇ ਵਿੱਚ ਅੰਦਰਲੇ ਪਾਸਿਉਂ ਵੜ ਕੇ ਬਾਹਰ ਨਿਕਲ਼ ਗਈ ਸੀ। ਦੂਜੀ ਗੋਲ਼ੀ ਉਸ ਦੀ ਪਿੱਠ ਵਿਚ ਖੱਬੇ ਪਾਸੇ ਵੱਜੀ ਸੀ। ਇਨ੍ਹਾਂ ਦੋ ਗੋਲ਼ੀਆਂ ਨਾਲ਼ ਉਸ ਦੇ ਸਰੀਰ ਦੇ ਕਿਸੇ ਖਾਸ ਅੰਗ ਦਾ ਨੁਕਸਾਨ ਨਹੀਂ ਸੀ ਹੋਇਆ। ਪਰ ਦੋ ਗੋਲ਼ੀਆਂ ਹਾਪਕਿਨਸਨ ਲਈ ਜਾਨ-ਲੇਵਾ ਸਾਬਤ ਹੋਈਆਂ। ਇਨ੍ਹਾਂ 'ਚੋਂ ਇਕ ਗੋਲ਼ੀ ਉਸ ਦੇ ਸੱਜੇ ਪਾਸੇ, ਛਾਤੀ ਦੇ ਹੇਠਲੇ ਹਿੱਸੇ ਵਿਚ, ਛੇਵੀਂ ਪੱਸਲ਼ੀ ਕੋਲ਼ ਵੱਜੀ ਸੀ। ਇਹ ਗੋਲ਼ੀ ਸੱਜੇ ਫੇਫੜੇ ਵਿਚ ਦੀ ਲੰਘ, ਦਿਲ ਨੂੰ ਪਾੜ ਕੇ, ਛਾਤੀ ਦੇ ਖੱਬੇ ਪਾਸੇ ਤੀਜੀ ਪੱਸਲ਼ੀ ਕੋਲ਼ ਜਾ ਫਸੀ ਸੀ। ਚੌਥੀ ਗੋਲ਼ੀ ਹਾਪਕਿਨਸਨ ਦੀ ਪਿੱਠ ਵਿਚ ਸੱਜੇ ਪਾਸੇ ਵੱਜੀ ਸੀ। ਇਹ ਗੋਲ਼ੀ ਸੱਜੇ ਫੇਫੜੇ ਨੂੰ ਪਾੜ ਕੇ ਛਾਤੀ ਦੇ ਖੱਬੇ ਹਿੱਸੇ 'ਚ ਜਾ ਫਸੀ ਸੀ।[7] ਹਾਪਕਿਨਸਨ ਥਾਂ 'ਤੇ ਹੀ ਮਰ ਗਿਆ ਸੀ। ਮੇਵਾ ਸਿੰਘ ਨੇ ਹਾਪਕਿਨਸਨ ਦਾ ਕਤਲ 'ਪਬਲਕ ਪਲੇਸ' ਉੱਤੇ ਕੀਤਾ ਸੀ। ਕਤਲ ਕਰਕੇ ਉਨ੍ਹਾਂ ਨੇ ਦੌੜਨ ਦੀ ਕੋਸ਼ਿਸ਼ ਨਹੀਂ ਸੀ ਕੀਤੀ ਅਤੇ ਆਰਾਮ ਨਾਲ਼ ਰੀਵਾਲਵਰ ਸਫਾਈ ਕਰਨ ਵਾਲੇ ਕਾਮੇ ਨੂੰ ਫੜਾਉਂਦਿਆਂ ਬੋਲੇ ਸੀ, "ਆਈ ਸ਼ੂਟ, ਆਈ ਗੋ ਸਟੇਸ਼ਨ।"[8] ਪੁਲਸ ਆਉਣ ਤੇ ਮੇਵਾ ਸਿੰਘ ਨੇ ਬਿਨਾਂ ਕਿਸੇ ਵਿਰੋਧ ਦੇ ਆਪਣੇ ਆਪ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ ਸੀ।

ਹਾਪਕਿਨਸਨ ਦੀ ਮੌਤ ਬਾਰੇ ਵੈਨਕੂਵਰ ਤੋਂ ਔਟਵਾ, ਔਟਵਾ ਤੋਂ ਲੰਡਨ ਅਤੇ ਲੰਡਨੋਂ ਦਿੱਲੀ ਨੂੰ ਤਾਰਾਂ ਖੜਕਾਈਆਂ ਗਈਆਂ। ਕਨੇਡਾ ਦੇ ਗਵਰਨਰ ਜਨਰਲ, ਲੰਡਨ ਬੈਠੇ ਸੈਕਟਰੀ ਆਫ ਸਟੇਟ ਫਾਰ ਇੰਡੀਆ ਅਤੇ ਹਿੰਦੁਸਤਾਨ ਦੇ ਵਾਇਸਰਾਏ ਲਾਰਡ ਹਾਰਡਿੰਗ ਨੂੰ ਸੂਚਿਤ ਕੀਤਾ ਗਿਆ। ਹਿੰਦੁਸਤਾਨੀਆਂ ਦੇ ਦੁਸ਼ਮਣ, ਵੈਨਕੂਵਰ ਤੋਂ ਕਨਜ਼ਰਵੇਟਿਵ ਪਾਰਟੀ ਦੇ ਐੱਮ. ਪੀ., ਐੱਚ. ਐੱਚ ਸਟੀਵਨਜ਼ ਨੇ ਉਸੇ ਦਿਨ ਪ੍ਰਧਾਨ ਮੰਤਰੀ ਬੋਰਡਨ ਨੂੰ ਲਿਖ ਕੇ ਸਲਾਹ ਦਿੱਤੀ ਕਿ ਸਾਰੇ ਦੇ ਸਾਰੇ ਹਿੰਦੁਸਤਾਨੀਆਂ ਨੂੰ ਕਨੇਡਾ 'ਚੋਂ ਜ਼ਬਰਦਸਤੀ ਡੀਪੋਰਟ ਕਰ ਦੇਣਾ ਚਾਹੀਦਾ ਹੈ।[9]

ਕਨੇਡੀਅਨ ਸਰਕਾਰ ਵੱਲੋਂ ਵੈਨਕੂਵਰ ਵਿੱਚ ਹਾਪਕਿਨਸਨ ਦਾ ਬਹੁਤ ਵੱਡਾ ਜਨਾਜ਼ਾ ਕੱਢਿਆ ਗਿਆ। ਪੁਲੀਸ, ਫਾਇਰਮੈੱਨ, ਇਮੀਗ੍ਰੇਸ਼ਨ-ਕਸਟਮ ਅਧਿਕਾਰੀ ਅਤੇ ਅਮਰੀਕਨ ਇਮੀਗ੍ਰੇਸ਼ਨ ਡੀਪਾਰਟਮੈਂਟ ਅਤੇ ਸੀ. ਪੀ. ਆਰ. ਦੇ ਸੈਂਕੜੇ ਮੁਲਾਜ਼ਮ ਜਨਾਜ਼ੇ ਨਾਲ ਚੱਲ ਰਹੇ ਸਨ। ਜਨਾਜ਼ੇ 'ਚ ਦੋ ਹਜ਼ਾਰ ਤੋਂ ਵੱਧ ਬੰਦੇ ਸ਼ਾਮਲ ਸਨ। ਰਸਤੇ ਵਿੱਚ ਹਰ ਹਿੰਦੁਸਤਾਨੀ ਦੇ ਪਿੱਛੇ ਸਿਵਲ ਕਪੜਿਆਂ ਵਿਚ ਇੱਕ ਪੁਲਸੀਆ ਖੜ੍ਹਾ ਸੀ। ਪੁਲਸ ਨੂੰ ਡਰ ਸੀ ਕਿ ਹਿੰਦੁਸਤਾਨੀ ਆਵਾਸੀ ਇਮੀਗ੍ਰੇਸ਼ਨ ਮਹਿਕਮੇ ਦੇ ਹੈੱਡ ਮੈਲਕਮ ਰੀਡ ਅਤੇ ਪੁਲਸ ਦੇ ਆਪਣੇ ਚੀਫ਼ ਨੂੰ ਵੀ ਗੋਲ਼ੀ ਮਾਰਨ ਦੀ ਕੋਸ਼ਿਸ਼ ਕਰਨਗੇ।[10] ਮੈਲਕਮ ਰੀਡ ਨੇ ਅਸਲ ਵਿਚ ਹਾਪਕਿਨਸਨ ਦੇ ਨਾਲ਼ ਹੀ ਮਾਰਿਆ ਜਾਣਾ ਸੀ। 21 ਅਕਤੂਬਰ ਵਾਲ਼ੇ ਦਿਨ ਉਹਨੇ ਇਮੀਗ੍ਰੇਸ਼ਨ ਦਫਤਰ ਤੋਂ ਹਾਪਕਿਨਸਨ ਦੇ ਨਾਲ਼ ਕਚਹਿਰੀ ਨੂੰ ਜਾਣਾ ਸੀ ਪਰ ਉਹ ਆਪਣੇ ਦਫਤਰ ਲੇਟ ਪੁੱਜਾ ਸੀ। ਹਾਪਕਿਨਸਨ ਉਸ ਨੂੰ ਉਡੀਕ ਉਡੀਕ ਕੇ ਇਕੱਲਾ ਹੀ ਚਲਾ ਗਿਆ ਸੀ।[11] ਇਸ ਤਰ੍ਹਾਂ ਕਿਸਮਤ ਮੈਲਕਮ ਰੀਡ ਨੂੰ ਬਚਾ ਗਈ ਸੀ।

---

[6] *Ibid.*
[7] Evidence of Dr. George F. Curtis who performed post mortem examination of Hopkinson's body, REX VS MEWA SINGH, Vancouver, October 30, 1914, Trial Transcript.
[8] Evidence of James McCann, REX VS MEWA SINGH, Vancouver, October 30, 1914, Trial Transcript.
[9] H. H. Stevens to R. Borden, October 21, 1914. Archives Canada, File 536999, pt 9.
[10] *The Sun*, Vancouver, October 26, 1914.
[11] Melcolm R. J. Reid to W. D. Scott, October 22, 1914. Archives canada, RG 76, Vol. 561, File 808722, pt. 2.

ਹਾਪਕਿਨਸਨ ਦੇ ਕਤਲ ਤੋਂ 9 ਦਿਨ ਬਾਅਦ 30 ਅਕਤੂਬਰ, 1914 ਨੂੰ ਮੇਵਾ ਸਿੰਘ ਵਿਰੁੱਧ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੋਈ। ਭਾਈ ਭਾਗ ਸਿੰਘ ਦੇ ਕਾਤਲ ਬੇਲਾ ਸਿੰਘ ਜਿਆਣ ਉੱਤੇ ਚੱਲ ਰਹੇ ਮੁਕੱਦਮੇ ਦੀ ਕਾਰਵਾਈ ਸਰਕਾਰ ਵਲੋਂ ਪਿੱਛੇ ਪਾ ਦਿੱਤੀ ਗਈ ਸੀ ਤਾਂ ਜੁ ਹਾਪਕਿਨਸਨ ਦੇ ਕਤਲ ਕੇਸ ਵਿੱਚ ਭਾਈ ਮੇਵਾ ਸਿੰਘ ਨੂੰ ਛੇਤੀ ਤੋਂ ਛੇਤੀ ਸਜ਼ਾ ਦਿੱਤੀ ਜਾ ਸਕੇ। ਮੁਕੱਦਮੇ ਦੀ ਸੁਣਵਾਈ ਬਰਿਟਸ਼ ਕੋਲੰਬੀਆ ਦੀ ਸੁਪਰੀਮ ਕੋਰਟ ਦੇ ਜੱਜ ਮਿਸਟਰ ਆਉਲੇ ਮੌਰੀਸਨ ਕੋਲ਼ ਹੋ ਰਹੀ ਸੀ ਜਿਸ ਨੇ ਬਾਰਾਂ ਮੈਂਬਰੀ ਜਿਊਰੀ ਦੀ ਮਦਦ ਨਾਲ਼ ਮੁਕੱਦਮੇ ਦਾ ਫੈਸਲਾ ਕਰਨਾ ਸੀ। ਮਿਸਟਰ ਟੇਲਰ ਕਰਾਊਨ ਪਰੌਸੀਕਿਊਟਰ ਅਤੇ ਡੀਫੈਂਸ ਦਾ ਵਕੀਲ ਮਿਸਟਰ ਵੁੱਡ ਸੀ। ਮੁਕੱਦਮੇ ਦੀ ਕਾਰਵਾਈ ਸੁਣਨ ਵਾਲ਼ੇ ਲੋਕਾਂ ਨਾਲ ਕੋਰਟਰੂਮ ਖਚਾ-ਖੱਚ ਭਰਿਆ ਪਿਆ ਸੀ ਪਰ ਕੋਰਟਰੂਮ ਵਿੱਚ ਹਾਜ਼ਰ ਲੋਕ, ਸਿਵਾਏ ਚਾਰ ਹਿੰਦੁਸਤਾਨੀਆਂ ਦੇ, ਸਭ ਗੋਰੇ ਸਨ। ਅਦਾਲਤ ਦੇ ਅਧਿਕਾਰੀਆਂ ਨੇ ਸ਼ੈਤਾਨੀ ਨਾਲ ਹਿੰਦੁਸਤਾਨੀਆਂ ਨੂੰ ਅੰਦਰ ਨਹੀਂ ਸੀ ਵੜਨ ਦਿੱਤਾ। ਵੈਨਕੂਵਰ ਗੁਰਦੁਆਰੇ ਦੇ ਗਰੰਥੀ ਭਾਈ ਬਲਵੰਤ ਸਿੰਘ ਅਤੇ ਦੂਸਰੇ ਹਿੰਦੁਸਤਾਨੀ ਕੋਰਟਰੂਮ ਦੇ ਬਾਹਰ ਹੀ ਖੜ੍ਹੇ ਸਨ। ਉਹ ਆਸ ਲਗਾਈ ਬੈਠੇ ਸਨ ਕਿ ਉਹ ਬਾਹਰੋਂ ਹੀ ਭਾਈ ਮੇਵਾ ਸਿੰਘ ਦੇ ਦਰਸ਼ਨ ਕਰ ਸਕਣਗੇ ਪਰ ਉਨ੍ਹਾਂ ਦੀ ਇਹ ਆਸ ਵੀ ਪੂਰੀ ਨਾ ਹੋ ਸਕੀ। ਕੋਰਟਰੂਮ ਦੇ ਦਰਵਾਜ਼ੇ ਬੰਦ ਕਰ ਕੇ ਬਾਹਰ 'ਕੋਰਟ ਇਜ਼ ਫੁੱਲ' ਦਾ ਫੱਟਾ ਲਟਕਾ ਦਿੱਤਾ ਗਿਆ ਸੀ।

ਮੁੱਕਦਮੇ ਦੀ ਕਾਰਵਾਈ ਸ਼ੁਰੂ ਹੋਈ। ਭਾਈ ਮੇਵਾ ਸਿੰਘ ਨੂੰ ਦੱਸਿਆ ਗਿਆ ਕਿ ਉਸ ਉੱਤੇ ਹਾਪਕਿਨਸਨ ਦੇ ਕਤਲ ਦਾ ਦੋਸ਼ ਹੈ। ਡਬਲਯੂ. ਏ. ਕੈਂਬਲ, ਜੇਮਜ਼ ਮੈਕੈੱਨ ਅਤੇ ਪਾਲ ਕਾਲਡਵੈੱਲ ਚਸ਼ਮਦੀਦ ਗਵਾਹਾਂ ਵਜੋਂ ਪੇਸ਼ ਹੋਏ। ਡਿਟੈੱਕਟਿਵ ਸੈਮਸਟ੍ਰਮ ਅਤੇ ਮਕਡੌਨਲਡ ਨੇ ਆਪਣੀ ਆਪਣੀ ਸਟੇਟਮੈਂਟ ਦਿੱਤੀ। 'ਕਾਰੋਨਰ ਦੀ ਰਿਪੋਰਟ' ਪੇਸ਼ ਕੀਤੀ ਗਈ ਜਿਸ ਵਿੱਚ ਹਾਪਕਿਨਸਨ ਦੇ ਲੱਗੀਆਂ ਗੋਲ਼ੀਆਂ ਅਤੇ ਉਨ੍ਹਾਂ ਗੋਲ਼ੀਆਂ ਨਾਲ ਹੋਏ ਨੁਕਸਾਨ ਨੂੰ ਬਿਆਨਿਆਂ ਗਿਆ ਸੀ। ਕਤਲ ਦੀ ਵਾਰਦਾਤ ਵੇਲੇ ਮੇਵਾ ਸਿੰਘ ਕੋਲੋਂ ਪਕੜੇ ਦੋ ਰੀਵਾਲਵਰ ਅਤੇ ਹਾਪਕਿਨਸਨ ਦੇ ਸਰੀਰ 'ਚੋਂ ਕੱਢੀਆਂ ਗੋਲ਼ੀਆਂ ਅਦਾਲਤ ਵਿੱਚ ਪੇਸ਼ ਕੀਤੀਆਂ ਗਈਆਂ।[12] ਇਸ ਸਾਰੇ ਸਮੇਂ ਭਾਈ ਮੇਵਾ ਸਿੰਘ ਅਦਾਲਤ ਦੀ ਕਾਰਵਾਈ ਤੋਂ ਬੇਪਰਵਾਹ ਚੁਪ-ਚਾਪ ਖੜ੍ਹੇ ਰਹੇ।

ਮੁਕੱਦਮੇ ਦੌਰਾਨ ਭਾਈ ਮੇਵਾ ਸਿੰਘ ਨੇ ਕਟਹਿਰੇ ਵਿੱਚ ਖੜ੍ਹ ਕੇ ਸਹੁੰ ਚੁੱਕੀ ਤੇ ਡੀਫੈਂਸ ਦੇ ਵਕੀਲ ਮਿਸਟਰ ਵੁੱਡ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਦਿੱਤੇ। ਮੇਵਾ ਸਿੰਘ ਨੇ ਹਾਪਕਿਨਸਨ ਦੇ ਕਤਲ ਦਾ ਦੋਸ਼ ਕਬੂਲ ਕਰ ਲਿਆ। ਇਸ ਪਿੱਛੋਂ ਡੀਫੈਂਸ ਦੇ ਵਕੀਲ ਮਿਸਟਰ ਵੁੱਡ ਨੇ ਅਦਾਲਤ ਵਿਚ ਭਾਈ ਮੇਵਾ ਸਿੰਘ ਦੀ ਲਿਖਤੀ ਸਟੇਟਮੈਂਟ ਪੜ੍ਹ ਕੇ ਸੁਣਾਈ। ਮਿਸਟਰ ਵੁੱਡ ਨੇ ਮੇਵਾ ਸਿੰਘ ਦੀ ਇਹ ਸਟੇਟਮੈਂਟ ਉਸੇ ਸਵੇਰ ਅਦਾਲਤ ਦੀ ਇੰਟਰਪ੍ਰੈਟਰ ਮਿਸਜ਼ ਡਾਲਟਨ ਦੀ ਮਦਦ ਨਾਲ਼ ਤਿਆਰ ਕੀਤੀ ਸੀ। ਮੇਵਾ ਸਿੰਘ ਨੇ ਇਹ ਸਟੇਟਮੈਂਟ ਆਪਣੇ ਬਚਾਉ ਲਈ ਨਹੀਂ ਸਗੋਂ ਅਦਾਲਤ ਨੂੰ 'ਵਰਤ' ਕੇ ਆਪਣੀ ਗੱਲ ਪਬਲਿਕ ਤੱਕ ਪਹੁੰਚਾਉਣ ਦੇ ਇਰਾਦੇ ਨਾਲ਼ ਦਿੱਤੀ ਸੀ। ਇਸ ਸਟੇਟਮੈਂਟ ਵਿਚ ਭਾਈ ਮੇਵਾ ਸਿੰਘ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਸੀ ਕਿ ਕਨੇਡਾ 'ਚ ਹਿੰਦੁਸਤਾਨੀਆਂ ਨਾਲ਼ ਕਿਹੜੀਆਂ ਕਿਹੜੀਆਂ ਵਧੀਕੀਆਂ ਹੁੰਦੀਆਂ ਰਹੀਆਂ ਸਨ ਤੇ ਉਸ ਨੇ ਹਾਪਕਿਨਸਨ ਦਾ ਕਤਲ ਕਿਉਂ ਕੀਤਾ ਸੀ। ਸਟੇਟਮੈਂਟ ਵਿੱਚ ਮੇਵਾ ਸਿੰਘ ਨੇ ਆਖਿਆ ਸੀ,"**... ਮੇਰਾ ਨਾਂ ਮੇਵਾ ਸਿੰਘ ਹੈ। ਮੈਂ ਰੱਬ ਤੋਂ ਡਰਨ ਵਾਲ਼ਾ ਐਸਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹਾਂ। ਮੇਰੀ ਜ਼ੁਬਾਨ ਵਿੱਚ ਐਸੇ ਸ਼ਬਦ ਨਹੀਂ ਜੋ ਬਿਆਨ ਕਰ ਸਕਣ ਕਿ ਵੈਨਕੋਵਰ ਵਿੱਚ ਮੈਨੂੰ ਕਿਹੜੇ ਕਿਹੜੇ ਦੁੱਖ, ਮੁਸੀਬਤਾਂ ਅਤੇ ਪਰੇਸ਼ਾਨੀਆਂ ਝੱਲਣੀਆਂ ਪਈਆਂ ਹਨ।...ਅਸੀਂ ਸਿੱਖ ਗੁਰਦੁਆਰੇ 'ਚ ਅਰਦਾਸ ਕਰਨ ਜਾਂਦੇ ਹਾਂ, ਪਰ ਇਨ੍ਹਾਂ ਪਾਪੀਆਂ ਨੇ ਗੁਰਦੁਆਰੇ 'ਚ ਗੋਲ਼ੀ ਚਲਾ ਕੇ ਅਤੇ ਭਾਈ ਭਾਗ ਸਿੰਘ ਹੁਰਾਂ ਦਾ ਕਤਲ ਕਰ ਕੇ ਗੁਰਦੁਆਰੇ ਦੀ ਪਵਿੱਤਰਤਾ ਭੰਗ**

[12] REX VS MEWA SINGH, Vancouver, October 30, 1914, Trial Transcript.

ਕੀਤੀ ਹੈ। ਇਨ੍ਹਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵੱਲੋਂ ਗੁਰਦਆਰੇ ’ਚ ਕੀਤੇ ਇਨ੍ਹਾਂ ਕਾਰਿਆਂ ਨੇ ਮੇਰੇ ਸੀਨੇ ’ਚ ਅੱਗ ਲਾ ਦਿੱਤੀ ਹੈ।...ਇਸ ਸਭ ਕਾਸੇ ਲਈ ਮਿਸਟਰ ਰੀਡ ਅਤੇ ਮਿਸਟਰ ਹਾਪਕਿਨਸਨ ਜ਼ਿੰਮੇਵਾਰ ਹਨ। ਮੈਂ ਆਪਣੇ ਆਪਣੇ ਧਰਮ ਅਤੇ ਆਪਣੇ ਭਾਈਚਾਰੇ ਦੀ ਅਣਖ ਅਤੇ ਇੱਜ਼ਤ ਲਈ ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ...।”[13]

ਸਟੇਟਮੈਂਟ ਵਿੱਚ ਅੱਗੇ ਆਖਿਆ ਗਿਆ ਸੀ, “...ਜੇ ਇਹ ਸਭ ਕੁਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਇਸਾਈਆਂ ਨੇ ਵੀ ਇਸ ਨੂੰ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਇਕ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ ’ਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ ਮਰ ਜਾਣਾ ਚੰਗਾ ਹੈ...।”[14]

“...ਮੈਂ ਹਮੇਸ਼ਾ ਕਹਿੰਦਾ ਰਿਹਾਂ ਕਿ ਮੈਨੂੰ ਵਕੀਲ ਨਹੀਂ ਚਾਹੀਦਾ। ਮੈਨੂੰ ਕਿਸੇ ਇਨਸਾਫ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈਂ ਹਾਪਕਿਨਸਨ ਨੂੰ ਗੋਲ਼ੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈਂ ਇਹ ਸਟੇਟਮੈਂਟ ਇਸ ਕਰਕੇ ਦੇ ਰਿਹਾਂ ਤਾਂ ਜੋ ਪਬਲਿਕ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ਼ ਕੀ ਵਰਤਾਉ ਹੁੰਦਾ ਰਿਹਾ ਹੈ। ਸਾਨੂੰ ਜੱਜਾਂ ਕੋਲ਼ੋਂ, ਪੁਲਸ ਕੋਲ਼ੋਂ ਜਾਂ ਕਿਸੇ ਹੋਰ ਕੋਲ਼ੋਂ ਕਦੀ ਇਨਸਾਫ ਨਹੀਂ ਮਿਲ਼ਿਆ ਅਤੇ ਮੈਂ ਆਪਣੀ ਜਾਨ ਇਸ ਕਰਕੇ ਦੇ ਰਿਹਾਂ ਤਾਂ ਜੋ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ...।”[15]

“...ਸਾਡੇ ਸਿਆਣੇ ਜੱਜਾਂ ਅਤੇ ਵਕੀਲਾਂ ਨੂੰ ਇਸ ਗੱਲ ਦੀ ਸਮਝ ਆ ਜਾਣੀ ਚਾਹੀਦੀ ਹੈ ਕਿ ਹਾਪਕਿਨਸਨ ਨੂੰ ਗੋਲ਼ੀ ਕਿਉਂ ਮਾਰੀ ਗਈ ਹੈ। ਉਹ ਜੋ ਹਮੇਸ਼ਾ ਬੁਰੇ ਕੰਮ ਕਰਦੇ ਨੇ, ਉਹ ਜੋ ਸ਼ਰਾਬਾਂ ਪੀ ਕੇ ਗਲਤ ਕੰਮ ਕਰਦੇ ਨੇ, ਇਮੀਗ੍ਰੇਸ਼ਨ ਵਾਲ਼ੇ ਉਨ੍ਹਾਂ ਨੂੰ ਠੀਕ ਸਮਝਦੇ ਨੇ। ਤੇ ਅਸੀਂ, ਜਿਹੜੇ ਰੱਬ ਤੋਂ ਡਰਨ ਵਾਲ਼ੇ ਸੱਚੇ ਬੰਦੇ ਹਾਂ ਸਾਨੂੰ ਪੈਰਾਂ ਥੱਲੇ ਕੁਚਲਿਆ ਜਾਂਦਾ ਹੈ। ਮੈਂ ਰੱਬ ਦੇ ਹੁਕਮ ਵਿਚ ਚੱਲਣ ਵਾਲ਼ਾ ਬੰਦਾ, ਇਹਨੂੰ ਹੋਰ ਬਰਦਾਸ਼ਤ ਨਹੀਂ ਕਰ ਸਕਦਾ...।”[16]

ਭਾਈ ਮੇਵਾ ਸਿੰਘ ਨੇ ਆਪਣੀ ਸਟੇਟਮੈਂਟ ਵਿਚ ਇਸ ਗੱਲ ਦਾ ਵੀ ਜ਼ਿਕਰ ਕੀਤਾ ਕਿ ਕਿਵੇਂ ਹੌਪਕਿਨਸਨ ਉਨ੍ਹਾਂ ਨੂੰ ਭਾਈ ਭਾਗ ਸਿੰਘ ਦੇ ਕਾਤਲ ਬੇਲਾ ਸਿੰਘ ਦੇ ਹੱਕ ‘ਚ ਗਵਾਹੀ ਦੇਣ ਲਈ ਮਜਬੂਰ ਕਰਦਾ ਰਿਹਾ ਸੀ। “...ਜਦੋਂ ਅਸੀਂ ਡਾਕਖਾਨੇ ਨੂੰ ਜਾ ਰਹੇ ਸੀ ਤਾਂ ਰਸਤੇ ਵਿਚ ਹਾਪਕਿਨਸਨ ਮੈਨੂੰ ਕਹਿਣ ਲੱਗਾ, ‘ਹੁਣ ਤੂੰ ਬੇਲਾ ਸਿੰਘ ਬਾਰੇ ਗਵਾਹੀ ਦੇਣੀ ਹੈ। ਤੂੰ ਪਾਸਾ ਬਦਲ ਕੇ ਬੇਲਾ ਸਿੰਘ ਦੇ ਹੱਕ ‘ਚ ਗਵਾਹੀ ਦੇ। ਨਹੀਂ ਤਾਂ ਤੇਰੇ ਲਈ ਬੁਰਾ ਹੋਵੇਗਾ। ਨਹੀਂ ਤਾਂ ਤੈਨੂੰ ਉਸੇ ਰਸਤੇ ਜਾਣਾ ਪਵੇਗਾ, ਜਿਸ ਰਸਤੇ ਭਾਗ ਸਿੰਘ ਤੇ ਬਦਨ ਸਿੰਘ ਗਏ ਨੇ।’ ਉਹਨੇ ਮੈਨੂੰ ਧਮਕੀ ਦਿੱਤੀ। ਮੈਂ ਉਹਨੂੰ ਪੁੱਛਿਆ, ‘ਮਿਸਟਰ ਹਾਪਕਿਨਸਨ, ਮੇਰੇ ਕੋਲ਼ੋਂ ਵੱਢੀ ਲੈ ਕੇ ਹੁਣ ਤੂੰ ਮੈਨੂੰ ਧਮਕੀ ਦੇ ਰਿਹੈਂ? ਤੂੰ ਕਿਹਨੂੰ ਦਸਦੈਂ ਕਿ ਮੈਂ ਭਾਗ ਸਿੰਘ ਤੇ ਬਦਨ ਸਿੰਘ ਵਾਂਗ ਮਾਰਿਆ ਜਾਵਾਂਗਾ? ਇਹ ਕੀ ਹੋ ਰਿਹੈ?...ਮੇਰੇ ਕੋਲ਼ੋਂ ਡਾਲਰ ਲੈ ਕੇ ਹੁਣ ਤੂੰ ਚਾਹੁੰਦੈਂ ਕਿ ਮੈਂ ਬੇਲਾ ਸਿੰਘ ਦੇ ਹੱਕ ਵਿਚ ਗਵਾਹੀ ਦੇਵਾਂ ਤੇ ਮੈਨੂੰ ਤੇ ਮੈਨੂੰ ਜਾਨੋਂ ਮਾਰਨ ਦੀ ਧਮਕੀ ਦਿੰਦੈਂ?...।”[17]

ਸਟੇਟਮੈਂਟ ਵਿਚ ਅੱਗੇ ਆਖਿਆ ਗਿਆ ਸੀ, “...ਮੈਨੂੰ ਇਹ ਗੱਲ ਸਾਰੀ ਰਾਤ ਵੱਢ ਵੱਢ ਖਾਂਦੀ ਰਹੀ ਕਿ ਇਕ ਮੈਂ ਹਾਂ, ਜੋ ਭਜਨ ਬੰਦਗੀ ਕਰਦਾ ਹਾਂ ਤੇ ਇਹ ਮੈਨੂੰ ਇਸ ਤਰ੍ਹਾਂ ਝੂਠੀਆਂ ਬਿਆਨਬਾਜ਼ੀਆਂ ਨਾਲ਼ ਤੰਗ ਕਰ ਰਹੇ ਹਨ ਅਤੇ ਮੈਨੂੰ ਜ਼ਲੀਲ ਕਰਨ ਦੀ ਤੇ ਮੁਸੀਬਤਾਂ ਵਿਚ ਫਸਾਉਣ

---

[13] Statement read for Mewa Singh by his lawyer at his trial of October 30,1914, Trial Transcript.
[14] *Ibid.*
[15] *Ibid.*
[16] *Ibid.*
[17] *Ibid.*

ਦੀ ਕੋਸ਼ਿਸ਼ ਕਰ ਰਹੇ ਹਨ। ਸਾਰੀ ਰਾਤ ਇਹ ਗੱਲ ਮੇਰੇ ਦਿਮਾਗ ਵਿਚ ਘੁੰਮਦੀ ਰਹੀ ਅਤੇ ਇਹ ਸੋਚ ਕਿ ਮੈਨੂੰ ਨੀਂਦ ਨਾ ਆਈ ਕਿ ਮੈਨੂੰ ਇਸ ਤਰ੍ਹਾਂ ਬਦਨਾਮ ਹੋਣਾ ਪਵੇਗਾ।...ਇਸ ਤੋਂ ਦੋ-ਤਿੰਨ ਦਿਨ ਬਾਅਦ ਦੀ ਗੱਲ ਹੈ ਕਿ ਮੈਂ ਹੇਸਟਿੰਗ ਸਟਰੀਟ 'ਤੇ ਜਾ ਰਿਹਾ ਸਾਂ, ਜਿੱਥੇ ਮੈਨੂੰ ਬਾਬੂ ਸਿੰਘ ਮਿਲ਼ਿਆ। ਬਾਬੂ ਸਿੰਘ ਮੈਨੂੰ ਕਹਿਣ ਲੱਗਾ, 'ਤੂੰ ਕਿਹੜੇ ਪਾਸੇ ਗਵਾਹੀ ਦੇਣੀ ਹੈ? ਸਾਡੇ ਵੱਲ ਜਾਂ ਉਨ੍ਹਾਂ ਵੱਲ?'...ਮੈਂ ਕਿਹਾ ਕਿ ਮੈਂ ਸੱਚ ਬੋਲਾਂਗਾ। ਮੈਂ ਉਹੀ ਦੱਸਾਂਗਾ, ਜੋ ਕੁਝ ਗੁਰਦੁਆਰੇ ਵਿਚ ਵੇਖਿਆ ਹੈ।...ਫੇਰ ਬਾਬੂ ਸਿੰਘ ਨੇ ਭਾਗ ਸਿੰਘ ਨੂੰ, ਜਿਨ੍ਹਾਂ ਦਾ ਕਿ ਕਤਲ ਹੋ ਚੁੱਕਾ ਹੈ, ਗਾਲ਼ਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਤੇ ਕਹਿਣ ਲੱਗਾ, 'ਅਸੀਂ ਉਸ ਨੂੰ ਮਾਰਿਆ ਹੈ।' ਤੇ ਫੇਰ ਉਹਨੇ ਭਾਗ ਸਿੰਘ ਨੂੰ ਕੁੜੀ ਦੀਆਂ ਗੰਦੀਆਂ ਗਾਲ਼ਾਂ ਕੱਢੀਆਂ।...ਫੇਰ ਬਾਬੂ ਸਿੰਘ ਨੇ ਮੈਨੂੰ ਧਮਕੀ ਦਿੱਤੀ, 'ਜੇ ਤੂੰ ਸਾਡੇ ਹੱਕ 'ਚ ਗਵਾਹੀ ਨਾ ਦਿੱਤੀ ਤਾਂ ਤੇਰਾ ਕੁਛ ਕਰਨਾ ਪਵੇਗਾ।' ਬਾਬੂ ਸਿੰਘ ਮੈਨੂੰ ਗੰਦੀਆਂ ਗਾਲ਼ਾਂ ਕੱਢਦਾ ਰਿਹੈ ਪਰ ਮੈਂ ਕੁਛ ਨਾ ਬੋਲਿਆ। ਫੇਰ ਬਾਬੂ ਸਿੰਘ ਕਹਿਣ ਲੱਗਾ, 'ਵੈਨਕੋਵਰ 'ਚ ਸਾਡਾ ਰਾਜ ਹੈ। ਅਸੀਂ ਜੋ ਚਾਹੀਏ ਕਰ ਸਕਦੇ ਹਾਂ। ਮੇਰੇ ਪਿੱਛੇ ਇਮੀਗ੍ਰੇਸ਼ਨ ਮਹਿਕਮਾ ਹੈ। ਮੈਂ ਤੈਨੂੰ ਸੂਤ ਕਰ ਸਕਦਾ ਹਾਂ। ਤੂੰ ਕੁਛ ਨਹੀਂ ਕਰ ਸਕਦਾ। ਇੱਥੇ ਮੇਰੀ ਚਲਦੀ ਹੈ। ਮੈਂ ਤੁਹਾਨੂੰ ਸਾਰਿਆਂ ਨੂੰ ਸੂਤ ਕਰਾਂਗਾ।' ਬਾਬੂ ਸਿੰਘ ਕੋਲ਼ੋਂ ਆ ਕੇ ਮੈਂ ਇਹਦੇ ਬਾਰੇ ਸੰਜੀਦਗੀ ਨਾਲ਼ ਸੋਚਣਾ ਸ਼ੁਰੂ ਕੀਤਾ ਕਿ ਇਹ ਸਭ ਕੁਛ ਰੋਕਣਾ ਪਵੇਗਾ। ਫੇਰ ਮੈਂ ਅਦਾਲਤ ਵਿਚ ਜਾ ਕੇ ਸੱਚੀ ਗਵਾਹੀ ਦਿੱਤੀ। ਗਵਾਹੀ ਦੇਣ ਤੋਂ ਬਾਅਦ ਮੈਂ ਵੈਨਕੋਵਰ 'ਚ ਡਰਿਆ ਡਰਿਆ ਫਿਰਦਾ ਸਾਂ। ਫੇਰ ਇਕ ਦਿਨ ਮੈਨੂੰ ਇਕੱਲੇ ਤੁਰੇ ਜਾਂਦੇ ਨੂੰ ਬਾਬੂ ਸਿੰਘ ਮਿਲ਼ ਪਿਆ।...ਬਾਬੂ ਸਿੰਘ ਮੈਨੂੰ ਕਹਿਣ ਲੱਗਾ, 'ਜੇ ਮੁੜ ਕੇ ਤੈਨੂੰ ਵੈਨਕੋਵਰ 'ਚ ਫਿਰਦੇ ਨੂੰ ਵੇਖ ਲਿਆ ਤਾਂ ਅਸੀਂ ਤੈਨੂੰ ਛੱਡਾਂਗੇ ਨਹੀਂ।' ਮੈਂ ਇਸ ਬਾਰੇ ਸੰਜੀਦਗੀ ਨਾਲ ਸੋਚਣਾ ਸ਼ੁਰੂ ਕੀਤਾ ਕਿ ਮੈਨੂੰ ਕੁਛ ਕਰਨਾ ਚਾਹੀਦਾ। ਮੈਂ ਸੋਚਿਆ ਕਿ ਇਹਦੇ ਨਾਲ਼ੋਂ ਤਾਂ ਮਰ ਜਾਣਾ ਚੰਗਾ ਹੈ। ਮੈਂ ਇਕ ਸੂਰਮੇ ਦੀ ਮੌਤ ਮਰਾਂਗਾ...।"[18]

"...ਇਨ੍ਹਾਂ ਲੋਕਾਂ ਨੇ ਸਾਨੂੰ ਬੇਇਜ਼ਤ ਕੀਤਾ ਹੈ। ਇਹ ਸੋਚਦੇ ਨੇ ਕਿ ਸਿੱਖ ਕੁਛ ਵੀ ਨਹੀਂ। ਸਾਨੂੰ ਜ਼ਲੀਲ ਕੀਤਾ ਗਿਆ ਹੈ। ਸਾਡੀ ਗੱਲ ਸੁਣਨ ਵਾਲ਼ਾ ਇੱਥੇ ਕੋਈ ਜੱਜ ਨਹੀਂ। ਇਹ ਚਾਰ ਬੰਦੇ ਹੀ ਸਭ ਕੁਝ ਹਨ। ਬੇਲਾ ਸਿੰਘ, ਬਾਬੂ ਸਿੰਘ, ਮਿਸਟਰ ਰੀਡ ਅਤੇ ਮਿਸਟਰ ਹਾਪਕਿਨਸਨ ਆਪਣੇ ਆਪ ਨੂੰ ਰੱਬ ਸਮਝਦੇ ਹਨ।...ਸਰਕਾਰ ਸਿਰਫ਼ ਹਾਪਕਿਨਸਨ ਦੀ ਸੁਣਦੀ ਹੈ। ਸਾਡੀ ਕਦੀ ਪ੍ਰਵਾਹ ਨਹੀਂ ਕੀਤੀ ਗਈ। ਸਰਕਾਰ ਵਾਸਤੇ ਅਸੀਂ ਭੁੱਖੇ ਮਰਦੇ ਦੋ ਟਕੇ ਦੇ ਕੁਲੀ ਹਾਂ। ਤੇ ਹਾਪਕਿਨਸਨ ਜੋ ਆਖ ਦੇਵੇ ਉਹੀ ਕਾਨੂੰਨ ਹੁੰਦਾ ਹੈ। ਮੈਂ ਇਸ ਕਰਕੇ ਹਾਪਕਿਨਸਨ ਦਾ ਕਤਲ ਕੀਤਾ ਹੈ ਤੇ ਆਪਣੀ ਜ਼ਿੰਦਗੀ ਦੀ ਕੁਰਬਾਨੀ ਦੇ ਰਿਹਾਂ...।"[19]

ਮੇਵਾ ਸਿੰਘ ਵੱਲੋਂ ਕਤਲ ਦਾ ਇਲਜ਼ਾਮ ਕਬੂਲ ਕਰ ਲੈਣ ਕਰਕੇ ਮੁਕੱਦਮੇ ਦੀ ਸੁਣਵਾਈ 'ਤੇ ਸਿਰਫ਼ ਇੱਕ ਘੰਟਾ ਚਾਲ਼ੀ ਮਿੰਟ ਦਾ ਸਮਾਂ ਲੱਗਾ। ਜੱਜ ਮੌਰੀਸਨ ਨੇ ਜਿਊਰੀ ਦੇ ਕੀਤੇ ਫੈਸਲੇ ਅਨੁਸਾਰ ਮੇਵਾ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਅਤੇ ਉਨ੍ਹਾਂ ਨੂੰ 11 ਜਨਵਰੀ, 1915 ਨੂੰ ਫਾਂਸੀ ਲਾਉਣ ਦਾ ਹੁਕਮ ਸੁਣਾਇਆ। ਫਾਂਸੀ ਦੀ ਸਜ਼ਾ ਸੁਣ ਕੇ ਭਾਈ ਮੇਵਾ ਸਿੰਘ ਦੇ ਚਿਹਰੇ 'ਤੇ ਕੋਈ ਘਬਰਾਹਟ ਜਾਂ ਉਦਾਸੀ ਨਾ ਆਈ। ਉਹ ਭਾਈ ਭਾਗ ਸਿੰਘ ਦੀ ਨੌਂ ਮਹੀਨੇ ਦੀ ਯਤੀਮ ਬੱਚੀ ਨੂੰ ਵੇਖਣਾ ਚਾਹੁੰਦੇ ਸੀ। ਜਦੋਂ ਬਾਹਰ ਖੜ੍ਹੀ ਭੀੜ 'ਚੋਂ ਬੱਚੀ ਨਾ ਦਿਸੀ ਤਾਂ ਭਾਈ ਮੇਵਾ ਸਿੰਘ ਨੇ ਉੱਚੀ ਉੱਚੀ ਗੁਰਬਾਣੀ ਦੀਆਂ ਇਹ ਤੁਕਾਂ ਉਚਾਰਨੀਆਂ ਸ਼ੁਰੂ ਕਰ ਦਿੱਤੀਆਂ;

*"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥"*

---

[18] *Ibid.*
[19] *Ibid.*

**ਗੁਰਬਾਣੀ ਦੀਆਂ ਇਹ ਤੁਕਾਂ ਉਚਾਰਦੇ ਹੋਏ ਉਹ ਅਡੋਲ ਜੇਲ੍ਹ ਦੀ ਕਾਲ ਕੋਠੜੀ ਵੱਲ ਤੁਰ ਪਏ।**[20]

ਡਿਫੈਂਸ ਦਾ ਵਕੀਲ ਮਿਸਟਰ ਵੁੱਡ ਮੇਵਾ ਸਿੰਘ ਦੀ ਜਾਨ ਬਚਾਉਣ ਲਈ ਰਹਿਮ ਦੀ ਅਪੀਲ ਕਰਨੀ ਚਾਹੁੰਦਾ ਸੀ, ਪਰ ਭਾਈ ਮੇਵਾ ਸਿੰਘ ਨੇ ਉਸ ਨੂੰ ਅਜਿਹਾ ਕਰਨ ਦੀ ਇਜਾਜ਼ਤ ਨਾ ਦਿੱਤੀ। ਮਿਸਟਰ ਵੁੱਡ ਨੇ ਹੋਰ ਕੋਈ ਚਾਰਾ ਨਾ ਚਲਦਾ ਵੇਖ ਕੇ ਦਸੰਬਰ ਦੇ ਅੰਤ 'ਤੇ ਜਸਟਿਸ ਮਨਿਸਟਰ ਕੋਲ਼ ਲਿਖਤੀ ਬੇਨਤੀ ਕੀਤੀ ਕਿ ਮੇਵਾ ਸਿੰਘ ਦਾ ਦਿਮਾਗੀ ਤਵਾਜ਼ਨ ਠੀਕ ਨਹੀਂ, ਇਸ ਲਈ ਉਸ ਦਾ ਡਾਕਟਰੀ ਮੁਆਇਨਾ ਕਰਵਾਇਆ ਜਾਵੇ। ਜਸਟਿਸ ਮਨਿਸਟਰ ਸੀ. ਜੀ. ਡੋਇਰਟੀ ਨੇ 3 ਜਨਵਰੀ, 1915 ਨੂੰ ਨਿਊ ਵੈਸਟਮਿਨਸਟਰ ਮੈਂਟਲ ਹੈਲਥ ਇੰਸਟੀਚਿਊਟ ਦੇ ਸੁਪਰਡੈਂਟ ਨੂੰ ਹੁਕਮ ਕੀਤਾ ਕਿ ਮੇਵਾ ਸਿੰਘ ਦਾ ਜ਼ਲਦੀ ਤੋਂ ਜ਼ਲਦੀ ਮੁਆਇਨਾ ਕੀਤਾ ਜਾਵੇ ਤੇ ਫੌਰਨ ਉਸ ਨੂੰ ਇਸ ਦੀ ਰਿਪੋਰਟ ਭੇਜੀ ਜਾਵੇ।[21]

ਨਿਊ ਵੈਸਟਮਿਨਸਟਰ ਮੈਂਟਲ ਹੈੱਲਥ ਇੰਸਟੀਚਿਊਟ ਦੇ ਸੁਪਰਡੈਂਟ ਜੇ. ਜੀ. ਮੈਕੇਅ ਨੇ 5 ਜਨਵਰੀ ਨੂੰ ਭਾਈ ਮੇਵਾ ਸਿੰਘ ਦਾ ਮੁਆਇਨਾ ਕੀਤਾ। ਮੇਵਾ ਸਿੰਘ ਨੇ ਆਪਣੀ ਜਾਨ ਬਚਾਉਣ ਲਈ ਕੋਈ ਐਸੀ ਪੁੱਠੀ-ਸਿੱਧੀ ਹਰਕਤ ਨਾ ਕੀਤੀ, ਜਿਸ ਤੋਂ ਇਹ ਜਾਪੇ ਕਿ ਉਨ੍ਹਾਂ ਦਾ ਦਿਮਾਗ ਠੀਕ ਨਹੀਂ। ਮੇਵਾ ਸਿੰਘ ਨੇ ਆਖਿਆ ਕਿ ਹਾਪਕਿਨਸਨ ਦਾ ਕਤਲ ਉਸ ਨੇ ਪੂਰੇ ਹੋਸ਼ੋ-ਹਵਾਸ ਵਿੱਚ ਕੀਤਾ ਹੈ ਤੇ ਉਹ ਇਸ ਦੀ ਬਣਦੀ ਸਜ਼ਾ ਭੁਗਤਣ ਲਈ ਤਿਆਰ ਹੈ। ਮਿਸਟਰ ਮੈਕੇਅ ਨੇ ਉਸੇ ਦਿਨ ਜਸਟਿਸ ਮਨਿਸਟਰ ਨੂੰ ਰਿਪੋਰਟ ਭੇਜ ਦਿੱਤੀ ਕਿ ਮੇਵਾ ਸਿੰਘ ਦਾ ਦਿਮਾਗੀ ਤਵਾਜ਼ਨ ਬਿਲਕੁਲ ਠੀਕ ਹੈ।[22]

ਨਿਊ ਵੈਸਟਮਿਨਸਟਰ ਦੀ ਪ੍ਰੋਵਿੰਨਸ਼ੀਅਲ ਜੇਲ੍ਹ ਵਿੱਚ ਫਾਂਸੀ ਦਾ ਦਿਨ ਉਡੀਕਦੇ ਭਾਈ ਮੇਵਾ ਸਿੰਘ ਜੀ ਬੜੀ ਚੜ੍ਹਦੀ ਕਲਾ ਵਿੱਚ ਰਹਿ ਰਹੇ ਸਨ।[23] 11 ਜਨਵਰੀ, 1915 ਨੂੰ ਸਵੇਰੇ ਸਾਢੇ ਸੱਤ ਵਜੇ ਭਾਈ ਮੇਵਾ ਸਿੰਘ ਜੀ ਸਿਰ ਉਤਾਂਹ ਚੁੱਕੀ ਅਤੇ "ਹਰਿ ਜਸ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ" ਦਾ ਸ਼ਬਦ ਪੜ੍ਹਦੇ ਹੋਏ ਫਾਂਸੀ ਦੇ ਤਖਤੇ 'ਤੇ ਗਏ। ਭਾਈ ਮੇਵਾ ਸਿੰਘ ਨੂੰ ਫਾਂਸੀ ਲਾਏ ਜਾਣ ਵੇਲੇ ਭਾਈ ਮਿੱਤ ਸਿੰਘ ਪੰਡੋਰੀ ਨੇ ਗਰੰਥੀ ਵਜੋਂ ਜੇਲ੍ਹ ਵਿੱਚ ਅੰਤਮ ਧਾਰਮਕ ਰਸਮਾਂ ਨਿਭਾਈਆਂ। ਪੌਣੇ ਅੱਠ ਵਜੇ ਭਾਈ ਮੇਵਾ ਸਿੰਘ ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਬਾਰਸ਼ ਅਤੇ ਸਖਤ ਸਰਦੀ ਹੋਣ ਦੇ ਬਾਵਜੂਦ ਨਿਊ ਵੈਸਟਮਿਨਸਟਰ ਜੇਲ੍ਹ ਦੇ ਬਾਹਰ ਚਾਰ ਸੌ ਹਿੰਦੁਸਤਾਨੀ ਇਕੱਠੇ ਹੋ ਚੁੱਕੇ ਸਨ। ਜਿਉਂ ਹੀ ਭਾਈ ਮੇਵਾ ਸਿੰਘ ਦੀ ਲਾਸ਼ ਬਾਹਰ ਲਿਆਂਦੀ ਗਈ, ਉਨ੍ਹਾਂ "ਸ਼ਹੀਦ ਮੇਵਾ ਸਿੰਘ-ਅਮਰ ਰਹੇ" ਦੇ ਨਾਹਰੇ ਲਾਏ। ਉਹ ਪੰਜ-ਪੰਜ ਦੀਆਂ ਪਾਲ਼ਾਂ ਬਣਾਈ, ਗੁਰੂ ਗਰੰਥ ਸਾਹਿਬ 'ਚੋਂ ਬਾਣੀ ਦੇ ਸ਼ਬਦ ਪੜ੍ਹਦੇ, ਭਾਈ ਮੇਵਾ ਸਿੰਘ ਦੀ ਲਾਸ਼ ਲੈ ਕੇ ਚਾਰ ਮੀਲ ਦੂਰ ਫਰੇਜ਼ਰ ਮਿੱਲ 'ਚ ਪੁੱਜੇ, ਜਿੱਥੇ ਸਿੱਖ ਰੀਤਾਂ ਅਨੁਸਾਰ ਭਾਈ ਮੇਵਾ ਸਿੰਘ ਦਾ ਸਸਕਾਰ ਕੀਤਾ ਗਿਆ।[24]

ਭਾਈ ਮੇਵਾ ਸਿੰਘ ਨੇ ਆਪਣੀ ਸਟੇਟਮੈਂਟ ਵਿਚ ਕਿਤੇ ਵੀ ਕੋਈ ਐਸਾ ਸੰਕੇਤ ਨਹੀਂ ਸੀ ਦਿੱਤਾ ਜਿਸ ਤੋਂ ਇਹ ਜਾਪੇ ਕਿ ਗਦਰ ਪਾਰਟੀ ਦਾ ਇਸ ਕਤਲ ਨਾਲ਼ ਕੋਈ ਸੰਬੰਧ ਸੀ। ਤੇ ਨਾ ਹੀ ਭਾਈ ਮੇਵਾ ਸਿੰਘ ਤੋਂ ਇਹ ਆਸ ਕੀਤੀ ਜਾ ਸਕਦੀ ਸੀ ਕਿ ਉਹ ਕੋਈ ਐਸਾ ਬਿਆਨ ਦੇ ਕੇ ਗਦਰੀ ਲੀਡਰਾਂ ਨੂੰ ਇਸ ਕਤਲ ਵਿਚ ਫਸਾਉਂਦੇ। ਪਰ ਕਨੇਡੀਅਨ ਅਧਿਕਾਰੀਆਂ ਨੂੰ ਪੂਰਾ ਯਕੀਨ ਸੀ ਕਿ ਹਾਪਕਿਨਸਨ ਨੂੰ ਮਾਰਨ ਦਾ ਕੰਮ ਇਕੱਲੇ ਮੇਵਾ ਸਿੰਘ ਦਾ ਨਹੀਂ ਸੀ। ਉਹ ਸਮਝਦੇ ਸੀ ਕਿ ਮੇਵਾ ਸਿੰਘ ਕੋਲ਼ੋਂ

---

[20] Hugh Johnston, *The Voyage of the Komagata Maru: The Sikh Challenge to Canada's Colour Bar* (Delhi: Oxford University Press, 1979), p. 131.

[21] C. J. Doherty, Minister of Justice to Superintendent, Insane Asylum, New Westminster, January 3, 1915. .

[22] J. G. Mackay, Acting Superintendent, Insane Asylum, New Westminster to C. J. Doherty, Minister of Justice, January 5, 1915.

[23] Malcolm R. J. Reid to W. D. Scott, October 22, 1914.

[24] "ਮਿੱਤ ਸਿੰਘ ਕਨੇਡੀਅਨ ਦਾ ਲਿਖਤੀ ਬਿਆਨ", *ਅਮ੍ਰੀਕਾ ਵਿਚ ਹਿੰਦੁਸਤਾਨੀ*, ਪੰਨਾ 144.

ਹਾਪਕਿਨਸਨ ਨੂੰ ਗੋਲ਼ੀ ਮਰਵਾਉਣ ਵਾਲ਼ੇ ਅਸਲ ਵਿਚ ਗਦਰੀ ਲੀਡਰ ਹਨ। ਵੈਨਕੂਵਰ ਦੀਆਂ ਬਹੁਤੀਆਂ ਅਖਬਾਰਾਂ ਨੇ ਵੀ ਇਹ ਹੀ ਲਿਖਿਆ ਸੀ ਕਿ ਇਹ ਕਤਲ ਗਦਰੀ ਲੀਡਰਾਂ ਦੀ ਸਲਾਹ ਨਾਲ਼ ਅਤੇ ਉਨ੍ਹਾਂ ਦੀ ਪਲੈਨ ਅਨੁਸਾਰ ਹੋਇਆ ਸੀ।[25] ਇਸ ਲਈ ਪੁਲਸ ਨੇ ਵੈਨਕੂਵਰ ਦੇ ਗਦਰੀ ਲੀਡਰ ਹੁਸੈਨ ਰਹੀਮ, ਭਾਈ ਬਲਵੰਤ ਸਿੰਘ, ਸੋਹਣ ਲਾਲ, ਕਰਤਾਰ ਸਿੰਘ ਨਵਾਂਚੰਦ ਅਤੇ ਭਾਈ ਮਿੱਤ ਸਿੰਘ ਪੰਡੋਰੀ ਨੂੰ, ਮੇਵਾ ਸਿੰਘ ਨੂੰ ਉਕਸਾ ਕੇ ਉਸ ਕੋਲੋਂ ਹੌਪਕਿਨਸਨ ਦਾ ਕਤਲ ਕਰਵਾਉਣ ਦੇ ਦੋਸ਼ ਵਿੱਚ, ਚਾਰਜ ਕਰ ਲਿਆ ਸੀ। ਹਾਪਕਿਨਸਨ ਦੇ ਪਾਲਤੂ ਟਾਊਟ ਨੱਥਾ ਸਿੰਘ, ਨੈਣਾ ਸਿੰਘ, ਗੰਗਾ ਰਾਮ, ਪਰਤਾਪ ਸਿੰਘ, ਭਗਤ ਸਿੰਘ, ਠਾਕਰ ਸਿੰਘ, ਬੇਲਾ ਸਿੰਘ ਅਤੇ ਡਾਕਟਰ ਰਘੂਨਾਥ ਸਿੰਘ ਮੁਕੱਦਮੇ ਵਿੱਚ ਗਵਾਹਾਂ ਵਜੋਂ ਗਦਰੀਆਂ ਦੇ ਵਿਰੁੱਧ ਭੁਗਤੇ। ਪਰ ਇਨ੍ਹਾਂ ਗਵਾਹਾਂ ਦੇ ਬਿਆਨ ਆਪੋ ਵਿੱਚ ਮਿਲ਼ਦੇ ਨਾ ਹੋਣ ਕਾਰਨ ਤੇ ਭਾਈ ਮੇਵਾ ਸਿੰਘ ਵੱਲੋਂ ਕਤਲ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲੈ ਲੇਣ ਕਰਕੇ ਜੱਜ ਨੂੰ ਗਦਰੀ ਲੀਡਰਾਂ ਨੂੰ ਬਰੀ ਕਰਨਾ ਪਿਆ ਸੀ।[26]

ਦਰਅਸਲ ਮੇਵਾ ਸਿੰਘ ਵਲੋਂ ਕੀਤੇ ਹਾਪਕਿਨਸਨ ਦੇ ਇਸ ਕਤਲ ਨੂੰ ਗਦਰ ਪਾਰਟੀ ਵਲੋਂ ਦੇਸ਼ ਜਾ ਕੇ ਗਦਰ ਮਚਾਉਣ ਲਈ ਦਿੱਤੇ ਸੱਦੇ ਦੇ ਸੰਦਰਭ ਵਿੱਚ ਵੇਖਣਾ ਚਾਹੀਦਾ ਹੈ। ਅੰਗਰੇਜ਼ ਸਾਮਰਾਜ ਦੇ ਜਿਨ੍ਹਾਂ ਨਿਸ਼ਾਨਿਆਂ ਉੱਤੇ ਗਦਰੀਆਂ ਨੇ ਹਿੰਦੁਸਤਾਨ ਵਿੱਚ ਜਾ ਕੇ ਹਮਲਾ ਕਰਨਾ ਸੀ ਉਹੋ ਜਿਹਾ ਇੱਕ ਨਿਸ਼ਾਨਾ ਇੱਥੇ ਵੈਨਕੂਵਰ ਵਿੱਚ ਹੀ ਸੀ। ਹਾਪਕਿਨਸਨ ਹਿੰਦੁਸਤਾਨ ਉੱਪਰ ਰਾਜ ਕਰ ਰਹੇ ਅੰਗਰੇਜ਼ ਸਾਮਰਾਜ ਦਾ ਇੱਕ ਚਿੰਨ ਸੀ। ਉਹ ਕਨੇਡਾ-ਅਮਰੀਕਾ ਵਿੱਚ ਬ੍ਰਤਾਨਵੀ ਸਾਮਰਾਜ ਲਈ ਬੜਾ ਅਹਿਮ ਕੰਮ ਕਰ ਰਿਹਾ ਸੀ। ਬ੍ਰਤਾਨਵੀ ਸਾਮਰਾਜ ਦੇ ਰਾਖਿਆਂ ਨੂੰ ਹਾਪਕਿਨਸਨ ਵਲੋਂ ਕੀਤੇ ਜਾ ਰਹੇ 'ਕੰਮ' ਦੀ ਅਹਿਮੀਅਤ ਦਾ ਗਿਆਨ ਸੀ ਤੇ ਉਹ ਉਸ ਦੀ ਸੁਰੱਖਿਆ ਲਈ ਬੜੇ ਫਿਕਰਮੰਦ ਸਨ। ਕਨੇਡਾ ਦੇ ਗਵਰਨਰ ਜਨਰਲ ਡਿਊਕ ਆਫ ਕਨਾਟ ਨੇ 20 ਮਈ, 1914 ਨੂੰ ਕਲੋਨੀਅਲ ਸੈਕਟਰੀ ਬਿਊਸ ਹਾਰਕੋਟ ਨੂੰ ਲਿਖਿਆ ਸੀ, "...ਹਾਪਕਿਨਸਨ ਇੱਕ ਬਹੁਤ ਕੀਮਤੀ ਅਫਸਰ ਹੈ। ਉਹ ਬਹੁਤ ਹੀ ਮਹੱਤਵ ਪੂਰਨ ਕੰਮ ਕਰ ਰਿਹਾ ਹੈ। ਜੇ ਉਸ ਨੂੰ ਕੁਝ ਹੋ ਗਿਆ ਤਾਂ ਉਸ ਵਲੋਂ ਕਾਇਮ ਕੀਤਾ ਜਾਸੂਸੀ ਦਾ ਢਾਂਚਾ ਢਹਿ-ਢੇਰੀ ਹੋ ਜਾਵੇਗਾ।"[27] ਵੈਨਕੂਵਰ ਦੇ ਗਦਰੀ ਲੀਡਰ ਬ੍ਰਤਾਨਵੀ ਸਾਮਰਾਜ ਲਈ ਕੀਤੇ ਜਾ ਰਹੇ ਜਾਸੂਸੀ ਦੇ ਇਸ ਕੰਮ ਵਿੱਚ ਹਾਪਕਿਨਸਨ ਦੀ ਅਹਿਮੀਅਤ ਨੂੰ ਸਮਝਦੇ ਸਨ। ਇਸੇ ਲਈ ਹਾਪਕਿਨਸਨ ਉਨ੍ਹਾਂ ਦੀ ਨਜ਼ਰ ਵਿੱਚ ਇੱਕ ਢੁਕਵਾਂ ਨਿਸ਼ਾਨਾ ਸੀ। ਹਾਪਕਿਨਸਨ ਦਾ ਕਤਲ ਕਰਕੇ ਉਹ ਜਾਸੂਸੀ ਦੇ ਇਸ ਢਾਂਚੇ ਨੂੰ ਢਾਹ-ਢੇਰੀ ਕਰਨਾ ਚਾਹੁੰਦੇ ਸਨ ਤੇ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਨੂੰ ਢਾਹ ਲਾਉਣ ਵਾਲੀ ਹਾਪਕਿਨਸਨ ਦੀ ਗਦਾਰ ਜੁੰਡਲੀ ਨੂੰ ਤਹਿਸ-ਨਹਿਸ ਕਰਨਾ ਚਾਹੁੰਦੇ ਸਨ। ਹਾਪਕਿਨਸਨ ਦੇ ਕਤਲ ਨਾਲ ਗਦਾਰ ਜੁੰਡਲੀ ਵਿੱਚ ਸਹਿਮ ਛਾ ਗਿਆ ਸੀ ਤੇ ਦੇਸ਼ ਭਗਤ ਧੜੇ ਦੇ ਇਨਕਲਾਬੀਆਂ ਦੇ ਮਨ ਅਤੇ ਦਿਮਾਗ ਟੁੰਬੇ ਗਏ ਸਨ।

ਭਾਈ ਮੇਵਾ ਸਿੰਘ ਦੀ ਸ਼ਹੀਦੀ ਵਾਲ਼ੇ ਦਿਨ ਕੈਲੇਫੋਰਨੀਆਂ ਦੇ ਸ਼ਹਿਰ ਸਟਾਕਟਨ ਦੇ ਗੁਰਦੁਆਰੇ ਵਿੱਚ ਸਿੱਖ ਸੰਗਤ ਨੇ ਉਨ੍ਹਾਂ ਲਈ ਰਖਵਾਏ ਸਹਿਜ ਪਾਠ ਦੇ ਭੋਗ ਪਾਏ। ਗਦਰ ਪਾਰਟੀ ਦੇ ਇਨਕਲਾਬੀ ਸਾਹਿਤ ਵਿੱਚ ਭਾਈ ਮੇਵਾ ਸਿੰਘ ਦੀ ਸ਼ਹੀਦੀ ਨੂੰ ਬੜਾ ਸਲਾਹਿਆ ਗਿਆ। ਕਨੇਡਾ ਦੇ ਹਿੰਦੁਸਤਾਨੀਆਂ ਨੇ ਭਾਈ ਮੇਵਾ ਸਿੰਘ ਦੀ ਸ਼ਹੀਦੀ ਦੀ ਪਹਿਲੀ ਵਰ੍ਹੇ ਗੰਢ ਜਨਵਰੀ 1916 ਵਿੱਚ ਫਰੇਜ਼ਰ ਮਿੱਲ ਗੁਰਦੁਆਰੇ 'ਚ ਮਨਾਈ। ਅਗਲੇ ਸਾਲ ਜਨਵਰੀ 1917 ਵਿੱਚ ਪੰਜ ਸੌ ਹਿੰਦੁਸਤਾਨੀਆਂ ਫਰੇਜ਼ਰ ਮਿੱਲ

---

[25] *The Sun*, Vancouver, October 22, 1914; *The World*, Vancouver, October 21, 1914; *The Province*, Vancouver, October 22, 1914; *The News-Advertiser*, October 22, 1914.

[26] Hugh Johnston, *The voyage of the Komagata Maru*, p. 132.

[27] H. R. H. Arthur, Duke of Connaught, Governor General, to Lewis Harcourt, Colonial Secretary, May20, 1914. Archives Canada.

ਗੁਰਦੁਆਰੇ ’ਚ ਇੱਕਠੇ ਹੋ ਕੇ ਭਾਈ ਮੇਵਾ ਸਿੰਘ ਦੀ ਸ਼ਹੀਦੀ ਦੀ ਵਰ੍ਹੇ ਗੰਢ ਮਨਾਈ। ਉਦੋਂ ਕਨੇਡਾ ’ਚ ਸਿਰਫ ਇੱਕ ਹਜ਼ਾਰ ਹਿੰਦੁਸਤਾਨੀ ਰਹਿੰਦੇ ਸਨ।

ਕਨੇਡੀਅਨ ਸਰਕਾਰ ਵਾਸਤੇ ਭਾਈ ਮੇਵਾ ਸਿੰਘ ਇਕ ਕਾਤਲ ਸੀ ਪਰ ਕਨੇਡਾ ਦੀ ਹਿੰਦੁਸਤਾਨੀ ਕਮਿਊਨਿਟੀ ਭਾਈ ਮੇਵਾ ਸਿੰਘ ਨੂੰ ਸ਼ੁਰੂ ਤੋਂ ਹੀ ਸ਼ਹੀਦ ਮੰਨਦੀ ਆਈ ਹੈ। ਭਾਈ ਮੇਵਾ ਸਿੰਘ ਗਦਰ ਪਾਰਟੀ ਦੇ ਸਿਪਾਹੀ ਸਨ ਜੋ ਅੰਗਰੇਜ਼ ਸਾਮਰਾਜੀਆਂ ਵਿਰੁੱਧ ਹਿੰਦੁਸਤਾਨ ਦੀ ਆਜ਼ਾਦੀ ਲਈ ਜੰਗ ਲੜ ਰਹੀ ਸੀ। ਭਾਈ ਮੇਵਾ ਸਿੰਘ ਹਿੰਦੁਸਤਾਨ ਦੀ ਇਸ ਜੰਗੇ-ਆਜ਼ਾਦੀ ਦੇ ਸ਼ਹੀਦ ਸਨ। ਇਸ ਲਈ ਕਨੇਡਾ ਦੀ ਭਾਰਤੀ ਕਮਿਊਨਿਟੀ ਭਾਈ ਮੇਵਾ ਸਿੰਘ ਨੂੰ ‘ਕਨੇਡਾ ਦਾ ਅਮਰ ਸ਼ਹੀਦ’ ਮੰਨਦੀ ਹੈ।

ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਨੇ ਸ਼ਹੀਦ ਭਾਈ ਮੇਵਾ ਸਿੰਘ ਦੀ ਯਾਦ ਵਿੱਚ ਰੌਸ ਸਟਰੀਟ ਗੁਰਦੁਆਰੇ ਦੇ ਲੰਗਰ ਹਾਲ ਦਾ ਨਾਂ ‘ਸ਼ਹੀਦ ਭਾਈ ਮੇਵਾ ਸਿੰਘ ਹਾਲ’ ਰੱਖਿਆ ਹੋਇਆ ਹੈ। ਵੈਨਕੂਵਰ ਦੀ ‘ਅਕਾਲੀ ਸਿੰਘ ਸਿੱਖ ਸੁਸਾਇਟੀ’ ਨੇ ਆਪਣੇ ਗੁਰਦੁਆਰੇ ’ਚ ਉਨ੍ਹਾਂ ਦੇ ਨਾਂ ਤੇ ‘ਸ਼ਹੀਦ ਭਾਈ ਮੇਵਾ ਸਿੰਘ ਲਾਇਬ੍ਰੇਰੀ’ ਬਣਾਈ ਹੋਈ ਹੈ। ‘ਈਸਟ ਇੰਡੀਅਨ ਡੀਫੈਂਸ ਕਮੇਟੀ’ ਵਾਲ਼ੇ ਕਾਮਰੇਡ ਸ਼ਹੀਦ ਭਾਈ ਮੇਵਾ ਸਿੰਘ ਦੀ ਯਾਦ ਵਿਚ ਹਰ ਸਾਲ ਟੂਰਨਾਮੈਂਟ ਕਰਵਾਉਂਦੇ ਹਨ। ਭਾਈ ਮੇਵਾ ਸਿੰਘ ਦੀ ਸ਼ਹੀਦੀ ਵਾਲ਼ੇ ਦਿਨ 11 ਜਨਵਰੀ ਨੂੰ ਹਰ ਸਾਲ ਵੈਨਕੂਵਰ ਦੇ ਬਹੁਤ ਸਾਰੇ ਗੁਰਦੁਆਰਿਆਂ  ਵਿਚ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਂਦੇ ਹਨ ਜਿੱਥੇ ਬੁਲਾਰਿਆਂ ਵੱਲੋਂ ਉਨ੍ਹਾਂ ਦੇ ਲਾਸਾਨੀ ਜੀਵਨ ‘ਤੇ ਰੋਸ਼ਨੀ ਪਾਈ ਜਾਂਦੀ ਹੈ ਤੇ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ‘ਕਨੇਡਾ ਦਾ ਅਮਰ ਸ਼ਹੀਦ ਭਾਈ ਮੇਵਾ ਸਿੰਘ’ ਕਨੇਡਾ ਦੇ ਭਾਰਤੀਆਂ ਲਈ ਜ਼ੁਲਮ ਵਿਰੁੱਧ ਸੰਘਰਸ਼ ਦਾ ਪ੍ਰਤੀਕ ਬਣ ਗਿਆ ਹੈ।